Posting Date
01 ਅਗਸਤ 2015


# ਅੰਮ੍ਰਿਤ ਕੀਰਤਨ

ਅਗਸਤ 2015




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਬਾਰਹਮਾਹ - ਮੱਘਰ

ਮੱਘਰ ਮੰਗ ਕੋਈ ਹੋਰ ਨਾ ਮੇਰੀ,
ਚਾਹਵਾਂ ਦਰਸ਼ਨ ਪੀਰਾਂ ਦੇ ।
ਦੁੱਧ ਪੁੱਤ ਵੀ ਕੋਈ ਨਾ ਮੰਗਾਂ,
ਮੰਗਾਂ ਥਾਲ ਨਾ ਖੀਰਾਂ ਦੇ ।
ਹਲਵੇ ਪੂਰੀ ਕੁਝ ਨਾ ਮੰਗਾਂ,
ਟੁਕੜੇ ਭਲੇ ਫ਼ਕੀਰਾਂ ਦੇ ।
ਚੇਨ ਸਿਲਕ ਨਾ ਸੂਟ ਹੀ ਮੰਗਾਂ,
ਭਾਂਦੇ ਕੱਪੜੇ ਲੀਰਾਂ ਦੇ ।
ਜਿਸ ਤਨ ਲਗੇ ਸੋਈ ਜਾਣੇ,
ਕੀ ਪੁੱਛੋਂ ਸਾਡੀਆਂ ਪੀੜਾਂ ਦੇ ।
ਰਾਂਝਾ ਫਿਰੇ ਸ਼ੁਦਾਈਆਂ ਵਾਗੂ,
ਪੁੱਛਦਾ ਘਰ ਘਰ ਹੀਰਾਂ ਦੇ ।
ਤਾਂਘ ਤੇਰੀ ਵਿਚ ਰੂਹ ਜਦ ਉਡਸੀ,
ਬਣਸਨ ਖ਼ਾਕ ਸਰੀਰਾਂ ਦੇ ।
ਡੁੱਲ-ਡੁੱਲ ਪੈਂਦੇ ਨੇਤਰ ਮੇਰੇ,
ਜਿਉ ਸਾਗਰ ਬਣ ਨੀਰਾਂ ਦੇ ।
ਸੰਤੋਖ ਸਿੰਘ ਹੁਣ ਆ ਜਾਉ ਜਾਨੀ,
ਲਾਉ ਮਰ੍ਹਮ ਦਰਸ ਇਨ੍ਹਾਂ ਪੀੜਾਂ ਦੇ ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


**ਸੰਪਾਦਕੀ** : 4

ਗੁਰਮਤਿ ਸੰਗੀਤ ਵਿਚ ਰਾਗ ਕੇਦਾਰਾ 5
ਡਾ : ਗੁਰਨਾਮ ਸਿੰਘ

ਸੰਗੀਤ ਸਿੱਖਿਆ ਪ੍ਰਾਪਤ ਕਰਨ ਵਿਚ ਸ਼ਿਸ਼ ਦੇ ਕਰਤੱਵ 8

ਭਗਤ ਰਵਿਦਾਸ ਬਾਣੀ ਵਿਚ ਪ੍ਰਸਤੁਤ ਗਾਇਨ ਸ਼ੈਲੀਆਂ 10
ਡਾ: ਹਰਜਸ ਕੌਰ

ਬਾਣੀ ਜਪੁਜੀ ਦੇ ਪਰਮਾਰਥੀ ਸਿਧਾਂਤ ਦਾ ਅਧਿਐਨ 15
ਡਾ: ਜਸਕਿਰਨ ਕੌਰ

ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ ੨੦
ਭਾਈ ਗੁਰਪ੍ਰੀਤ ਸਿੰਘ ਜੋਸ਼

ਸੁਰਲਿਪੀ ਰਾਗ ਗੌਂਡ ਮਹਲਾ ੫ 28


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-

# ਮੇਰੇ ਸਾਹਾ ਮੈ ਹਰਿ ਦਰਸਨ ਸੁਖ ਹੋਇ

ਧਨਾਸਰੀ ਮਹਲਾ ੪ ॥
ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ ॥
ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ ॥ ਰਹਾਉ ॥
ਸਾਚਾ ਸਾਹਿਬੁ ਸਚੁ ਤੂ ਮੇਰੇ ਸਾਹਾ ਤੇਰਾ ਕੀਆ ਸਚੁ ਸਭੁ ਹੋਇ ॥
ਝੂਠਾ ਕਿਸ ਕਉ ਆਖੀਐ ਸਾਹਾ ਦੂਜਾ ਨਾਹੀ ਕੋਇ ॥੧॥
ਸਭਨਾ ਵਿਚਿ ਤੂ ਵਰਤਦਾ ਸਾਹਾ ਸਭਿ ਤੁਝਹਿ ਧਿਆਵਹਿ ਦਿਨੁ ਰਾਤਿ ॥
ਸਭਿ ਤੁਝ ਹੀ ਥਾਵਹੁ ਮੰਗਦੇ ਮੇਰੇ ਸਾਹਾ ਤੂ ਸਭਨਾ ਕਰਹਿ ਇਕ ਦਾਤਿ ॥੨॥
ਸਭੁ ਕੋ ਤੁਝ ਹੀ ਵਿਚਿ ਹੈ ਮੇਰੇ ਸਾਹਾ ਤੁਝ ਤੇ ਬਾਹਰਿ ਕੋਈ ਨਾਹਿ ॥
ਸਭਿ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ ਸਭਿ ਤੁਝ ਹੀ ਮਾਹਿ ਸਮਾਹਿ ॥੩॥
ਸਭਨਾ ਕੀ ਤੂ ਆਸ ਹੈ ਮੇਰੇ ਪਿਆਰੇ ਸਭਿ ਤੁਝਹਿ ਧਿਆਵਹਿ ਮੇਰੇ ਸਾਹ ॥
ਜਿਉ ਭਾਵੈ ਤਿਉ ਰਖੁ ਤੂ ਮੇਰੇ ਪਿਆਰੇ ਸਚੁ ਨਾਨਕ ਕੇ ਪਾਤਿਸਾਹ ॥੪॥੮॥੧੩॥ (ਪੰਨਾ 670)

ਇਸ ਸ਼ਬਦ ਨੂੰ ਕਈ ਸਾਲਾਂ ਤੋਂ ਗਾਇਨ ਕਰ ਰਿਹਾ ਹਾਂ। ਇਸ ਨੂੰ ਟੀ ਸਿਰੀਜ਼ ਵੱਲੋਂ ਰਿਕਾਰਡਡ ਇੱਕ ਸੀ ਡੀ ਵਿੱਚ ਵੀ ਸ਼ਾਮਿਲ ਕੀਤਾ ਹੈ। ਪਿੱਛਲੇ ਦਿਨੀਂ ਇਸ ਨੂੰ ਇਕ ਪ੍ਰੇਮੀ ਨੇ ਮੋਬਾਈਲ ਦੇ Whatts app ਤੇ ਪਾਉਣ ਲਈ ਕਿਹਾ ਤਾਂ ਇਸ ਸ਼ਬਦ ਨੂੰ ਡੂੰਘਾਈ ਨਾਲ ਵਿਚਾਰਿਆ ਤਾਂ ਇਸ ਦੇ ਅਰਥ ਅਤੇ ਇਸ ਦਾ ਪਾਸਾਰ ਬਹੁਤ ਵਡੇਰਾ ਜਾਪਣ ਲੱਗਾ। ਆਪਣੇ ਹੀ ਗਾਏ ਸ਼ਬਦਾਂ ਆਪ ਹੀ ਆਨੰਦ ਲੈਣ ਲਗ ਪਿਆ। ਵੇਖੈ ਵਿਗਸੈ ਕਰਿ ਵੀਚਾਰ ਵਾਲੀ ਕਹਾਣੀ ਬਣ ਗਈ। ਇਸ ਦੀਆਂ ਕੁਝ ਤੁਕਾਂ ਤਾਂ ਇੱਕ ਇੱਕ ਵਡੇਰਾ ਲੇਖ ਸਿਰਜਣ ਦੀ ਸਮਰਥਾ ਦਰਸਾਂਦੀਆਂ ਹੈ। ਆਓ ਇਸ ਸ਼ਬਦ ਦਾ ਜ਼ਰਾ ਉੱਚੀ ਆਵਾਜ਼ ਵਿੱਚ ਪਾਠ ਕਰੋ ਜਾਂ ਮੈਨੂੰ ਆਪਣਾ ਮੋਬਾਈਲ ਨੰਬਰ ਜਿਸ ਤੇ Whatts app ਦੀ ਸਹੂਲਤ ਹੋਵੇ ਭੇਜ ਦੇਣਾ ਤਾਂ ਆਪਣਾ ਗਾਇਨ ਕੀਤਾ ਇਹ ਸ਼ਬਦ ਆਪਨੂੰ ਭੇਜ ਦਿਆਂਗਾ। ਪਰ ਇੱਕ ਵਾਰ ਇਸ ਸ਼ਬਦ ਪਾਠ ਕਰਕੇ ਵੀਚਾਰ ਤਾਂ ਕਰ ਹੀ ਸਕਦੇ ਹਾਂ। ਕੀਰਤਨ ਸਮੇਂ ਜਦੋਂ ਮੈਂ ਇਹ ਤੁਕ ਗਾਇਨ ਕਰਦਾ੍ ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰ ਕਿਆ ਜਾਨੈ ਕੋਇ।। ਤਾਂ ਕਈ ਪ੍ਰੇਮੀਆਂ ਦੇ ਨੇਤਰਾਂ ਤੋਂ ਜਲ ਵਹਿ ਤੁਰਦਾ।ਮੇਰੇ ਗਾਇਨ ਵਿੱਚ ਕੋਈ ਸ਼ਕਤੀ ਨਹੀਂ ਸ਼ਬਦ ਵਿੱਚ ਆਪਣੀ ਸ਼ਕਤੀ ਹੈ। ਜਦੋਂ ਅਸੀਂ ਇਹ ਤੁਕਾਂ ਪੜ੍ਹਦੇ ਸੁਣਦੇ ਹਾਂ-ਸਾਚਾ ਸਾਹਿਬੁ ਸਚੁ ਤੂ ਮੇਰੇ ਸਾਹਾ ਤੇਰਾ ਕੀਆ ਸਚੁ ਸਭ ਹੋਇ।ਝੂਠਾ ਕਿਸ ਕਉ ਆਖੀਐ ਸਾਹਾ ਦੂਜਾ ਨਾਹੀ ਕੋਇ।...ਤਾਂ ਸਭ ਕੁਝ ਠੀਕ ਅਤੇ ਸਾਰੇ ਆਪਣੇ ਜਾਪਣ ਲੱਗ ਪੈਂਦੇ ਹਨ।ਅਗਲੇਰੀਆਂ ਤੁਕਾਂ ਵੀ ਬਹੁਤ ਸਪਸ਼ਟ ਹਨ ਇਹਨਾਂ ਦਾ ਭਾਵ ਜਦੋਂ ਸਮਝਦੇ ਹਾਂ ਮਹਿਸੂਸ ਕਰਦੇ ਹਾਂ ਤਾਂ ਮਾਨਸਿਕ ਅਵਸਥਾ ਵਿਸਮਾਦਿਤ ਹੋ ਜਾਂਦੀ ਹੈ।**ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ ॥ ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ ॥ ਰਹਾਉ ॥ ਸਾਚਾ ਸਾਹਿਬੁ ਸਚੁ ਤੂ ਮੇਰੇ ਸਾਹਾ ਤੇਰਾ ਕੀਆ ਸਚੁ ਸਭੁ ਹੋਇ ॥ ਝੂਠਾ ਕਿਸ ਕਉ ਆਖੀਐ ਸਾਹਾ ਦੂਜਾ ਨਾਹੀ ਕੋਇ ॥੧॥ ਸਭਨਾ ਵਿਚਿ ਤੂ ਵਰਤਦਾ ਸਾਹਾ ਸਭਿ ਤੁਝਹਿ ਧਿਆਵਹਿ ਦਿਨੁ ਰਾਤਿ ॥ ਸਭਿ ਤੁਝ ਹੀ ਥਾਵਹੁ ਮੰਗਦੇ ਮੇਰੇ ਸਾਹਾ ਤੂ ਸਭਨਾ ਕਰਹਿ ਇਕ ਦਾਤਿ ॥੨॥ ਸਭੁ ਕੋ ਤੁਝ ਹੀ ਵਿਚਿ ਹੈ ਮੇਰੇ ਸਾਹਾ ਤੁਝ ਤੇ ਬਾਹਰਿ ਕੋਈ ਨਾਹਿ ॥ ਸਭਿ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ ਸਭਿ ਤੁਝ ਹੀ ਮਾਹਿ ਸਮਾਹਿ ॥੩॥ ਸਭਨਾ ਕੀ ਤੂ ਆਸ ਹੈ ਮੇਰੇ ਪਿਆਰੇ ਸਭਿ ਤੁਝਹਿ ਧਿਆਵਹਿ ਮੇਰੇ ਸਾਹ ॥ ਜਿਉ ਭਾਵੈ ਤਿਉ ਰਖੁ ਤੂ ਮੇਰੇ ਪਿਆਰੇ ਸਚੁ ਨਾਨਕ ਕੇ ਪਾਤਿਸਾਹ ॥੪॥੮॥੧੩॥**

ਵਾਹਿਗੁਰੂ ਤੁਹਾਨੂੰ ਗੁਰਬਾਣੀ ਨਾਲ ਜੁੜਨ ਦੀ ਸਮਰਥਾ ਬਖਸ਼ੇ- ਇਸ ਅਰਦਾਸ ਨਾਲ ਆਪ ਸਭ ਦਾ

# ਗੁਰਮਤਿ ਸੰਗੀਤ ਵਿਚ ਰਾਗ ਕੇਦਾਰਾ

**ਡਾ. ਗੁਰਨਾਮ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ, ਦੇ ਪੰਨਾ ੧੦੮੭ 'ਤੇ ਗੁਰੂ ਅਮਰਦਾਸ ਜੀ 'ਮਾਰੂ ਦੀ ਵਾਰ' ਦੇ ਅੰਤਰਗਤ ਕੇਦਾਰਾ ਰਾਗ ਸੰਬੰਧੀ ਫੁਰਮਾ ਰਹੇ ਹਨ ਕਿ ਰਾਗਾਂ ਵਿਚ ਕੇਦਾਰਾ ਰਾਗ ਦਾ ਮਹੱਤਵ ਇਸ ਕਰਕੇ ਜਾਣਿਆ ਜਾ ਸਕਦਾ ਹੈ ਜੇਕਰ ਇਸਨੂੰ ਗਾਉਣ ਨਾਲ ਗੁਰ ਸ਼ਬਦ ਨਾਲ ਪਿਆਰ ਕਰਨ ਲੱਗ ਪਏ। ਕੇਦਾਰਾ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਤੀਏਵੇਂ ਸਥਾਨ ਤੇ ਪੰਨਾ ੧੧੧੮ 'ਤੇ ਅੰਕਿਤ ਹੈ। ਇਸ ਰਾਗ ਦੀ ਪ੍ਰਕਿਰਤੀ ਸ਼ਾਂਤ ਅਤੇ ਗੰਭੀਰ ਹੈ। ਇਸ ਰਾਗ ਵਿਚ ਭਗਤੀ ਭਾਵ ਨਾਲ ਭਰਪੂਰ ਸੰਤਾਂ, ਭਗਤਾਂ ਅਤੇ ਸੂਫ਼ੀਆਂ ਨੇ ਬਾਣੀ ਰਚੀ।

ਕੇਦਾਰਾ ਰਾਗ ਦਾ ਗੁਰਮਤਿ ਸੰਗੀਤ ਵਿਚ ਕੇਦਾਰਾ ਅਤੇ ਭਾਰਤੀ ਸੰਗੀਤ ਵਿਚ ਰਾਗ ਕੇਦਾਰ ਦੇ ਨਾਮ ਨਾਲ ਪ੍ਰਚਲਨ ਹੈ। ਭਾਰਤੀ ਸੰਗੀਤ ਵਿਚ ਪ੍ਰਚਲਿਤ ਰਾਗ-ਰਾਗਣੀ ਵਰਗੀਕਰਣ ਪੱਧਤੀ ਅਧੀਨ ਰਾਗਰਾਣਵ ਮੱਤ ਵਿਚ ਕੇਦਾਰਾ ਰਾਗ ਨੂੰ ਨਾਟ ਰਾਗ ਦੀ ਰਾਗਣੀ, ਭਰਤ ਮੱਤ ਵਿਚ ਦੀਪਕ ਰਾਗ ਦੀ ਰਾਗਣੀ ਅਤੇ ਸ਼ਿਵਮੱਤ ਵਿਚ ਗੌੜ ਸਿਰੀਰਾਗ ਦੀ ਰਾਗਣੀ ਮੰਨਿਆ ਗਿਆ ਹੈ। ਇਸ ਰਾਗ ਦੇ ਸੁਰਾਤਮਕ ਸਰੂਪ ਅਧੀਨ ਕੁਝ ਵਿਦਵਾਨ ਇਸ ਨੂੰ ਬਿਲਾਵਲ ਥਾਟ ਤੋਂ ਉਤਪੰਨ ਹੋਇਆ ਮੰਨਦੇ ਹਨ ਪਰੰਤੂ ਵਧੇਰੇ ਵਿਦਵਾਨ ਕਲਿਆਣ ਥਾਟ ਯੁਕਤ ਕੇਦਾਰਾ ਨੂੰ ਮਾਨਤਾ ਦਿੰਦੇ ਹਨ। ਇਸੇ ਪ੍ਰਕਾਰ ਕੇਦਾਰ ਰਾਗ ਦੀ ਜਾਤੀ ਦੇ ਸਬੰਧ ਵਿਚ ਵੀ ਮਤਭੇਦ ਪਾਏ ਜਾਂਦੇ ਹਨ।

ਕੇਦਾਰਾ ਰਾਗ ਨੂੰ ਕਲਿਆਣ ਥਾਟ ਦੇ ਅੰਤਰਗਤ ਰਖਦਿਆ ਇਸ ਦੇ ਆਰੋਹ ਵਿਚ ਰਿਸ਼ਭ, ਗੰਧਾਰ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸੰਪੂਰਨ ਮੰਨੀ ਹੈ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸ਼ੜਜ ਮੰਨਿਆ ਗਿਆ ਹੈ। ਦੋਵੇਂ ਸੁਰ ਮਧਿਅਮ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਕਲਿਆਣ ਥਾਟ ਅਧੀਨ ਹੀ ਕੇਦਾਰਾ ਰਾਗ ਦਾ ਹੋਰ ਸਰੂਪ ਜੋ ਕਿ ਔੜਵ-ਸ਼ਾੜਵ ਜਾਤੀ ਦਾ ਧਾਰਨੀ ਹੈ, ਵੀ ਮਿਲਦਾ ਹੈ। ਗੁਰਮਤਿ ਸੰਗੀਤ ਵਿਚ ਇਸ ਸਰੂਪ ਨੂੰ ਪ੍ਰਵਾਨਿਤ ਕੀਤਾ ਗਿਆ ਹੈ ਅਤੇ ਆਦਿ ਗ੍ਰੰਥ ਰਾਗ ਕੋਸ਼ ਅਤੇ ਰਾਗ ਨਿਰਣਾਇਕ ਕਮੇਟੀ ਨੇ ਵੀ ਇਸੇ ਸਰੂਪ ਨੂੰ ਪ੍ਰਮਾਣਿਕਤਾ ਦਿੱਤੀ ਹੈ। ਇਸ ਵਿਚ ਵੀ ਦੋਵੇਂ ਮਧਿਅਮ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੀ ਜਾਤੀ ਔੜਵ-ਸ਼ਾੜਵ ਹੈ। ਵਾਦੀ-ਸੰਵਾਦੀ ਮਧਿਅਮ ਤੇ ਸ਼ੜਜ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਇਸ ਦਾ ਆਰੋਹ ਸ਼ੜਜ ਮਧਿਅਮ,

ਮਧਿਅਮ ਪੰਚਮ, ਧੈਵਤ, ਨਿਸ਼ਾਦ ਧੈਵਤ, ਸ਼ੜਜ (ਤਾਰ ਸਪਤਕ) ਅਤੇ ਅਵਰੋਹ ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਪੰਚਮ, ਮਧਿਅਮ(ਤੀਵਰ) ਪੰਚਮ ਧੈਵਤ ਪੰਚਮ ਮਧਿਅਮ, ਮਧਿਅਮ ਰਿਸ਼ਭ ਸ਼ੜਜ ਹੈ।

ਕੇਦਾਰਾ ਰਾਗ ਦੇ ਇਹਨਾਂ ਸਰੂਪਾਂ ਨੂੰ ਭਾਰਤੀ ਸੰਗੀਤ ਦੇ ਗ੍ਰੰਥਾਂ, ਜਿਵੇਂ 'ਰਾਗ ਵਿਸ਼ਾਰਦ' ਅਤੇ 'ਰਾਗ ਕੋਸ਼' ਵਿਚ ਵੀ ਕਲਿਆਣ ਥਾਟ ਦੇ ਅੰਤਰਗਤ ਹੀ ਸਵੀਕਾਰਿਆ ਗਿਆ ਹੈ। ਰਾਗ ਕੇਦਾਰ ਕਾਮੋਦ, ਹਮੀਰ, ਛਾਇਆ ਨਟ, ਆਦਿ ਰਾਗਾਂ ਦਾ ਨਿਕਟਵਰਤੀ ਰਾਗ ਹੈ ਪਰੰਤੂ ਆਪਣੇ ਵਿਸ਼ੇਸ਼ ਚਲਨ ਕਰਕੇ ਸਹਿਜੇ ਹੀ ਇਨ੍ਹਾਂ ਰਾਗਾਂ ਤੋਂ ਨਿਖੜ ਜਾਂਦਾ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਵੀ ਕੇਦਾਰ ਨੂੰ ਕਲਿਆਣ ਥਾਟ ਦਾ ਸੰਪੂਰਨ ਰਾਗ ਮੰਨਿਆ ਗਿਆ ਹੈ ਜਿਸ ਵਿਚ ਮਧਿਅਮ, ਨਿਸ਼ਾਦ ਦੋਵੇਂ ਪਰੰਤੂ ਤੀਬਰ ਮਧਿਅਮ ਤੇ ਗੰਧਾਰ ਦੁਰਬਲ, ਵਾਦੀ ਮਧਿਅਮ, ਸੰਵਾਦੀ ਸ਼ੜਜ ਅਤੇ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਸਵੀਕਾਰਿਆ ਹੈ। ਕੰਵਰ ਮ੍ਰਿਗੇਂਦਰ ਸਿੰਘ ਦੁਆਰਾ ਰਚਿਤ ਪੁਸਤਕ ਵਾਦਨ ਸਾਗਰ ਭਾਗ ਪਹਿਲਾ ਤੇ ਦੂਜਾ ਵਿਚ ਰਾਗ ਕੇਦਾਰਾ ਦੇ ਦੋ ਸਰੂਪ ਅੰਕਿਤ ਕੀਤੇ ਹਨ।

ਕੇਦਾਰਾ ਰਾਗ ਦੇ ਅਧੀਨ ਗੁਰੂ ਰਾਮਦਾਸ ਜੀ ਦੇ ਦੋ ਪਦੇ; ਗੁਰੂ ਅਰਜਨ ਦੇਵ ਜੀ ਦੇ ਪੰਦਰਾਂ ਪਦੇ,ਇਕ ਛੰਤ; ਭਗਤ ਕਬੀਰ ਜੀ ਦੇ ਛੇ ਅਤੇ ਭਗਤ ਰਵਿਦਾਸ ਜੀ ਦਾ ਇਕ ਸ਼ਬਦ ਇਸ ਰਾਗ ਦੇ ਅੰਤਰਗਤ ਦਰਜ ਹੈ।

ਸ੍ਰੀ ਦਰਬਾਰ ਸਾਹਿਬ ਦੀਆਂ ਰਾਤ ਦੇ ਕੀਰਤਨ ਦੀਆਂ ਚਉਕੀਆਂ ਵਿਚ ਆਰਤੀ ਦੀ ਚਉਕੀ ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਮਹੱਤਵ ਰਖਦੀ ਹੈ। ਇਸ ਚਉਕੀ ਨਾਲ ਸਬੰਧਤ ਸ੍ਰੀ ਗੁਰੂ ਨਾਨਕ ਦੇਵ ਜੀ, ਭਗਤ ਰਵਿਦਾਸ, ਭਗਤ ਧੰਨਾ, ਭਗਤ ਸੈਣ ਅਤੇ ਭਗਤ ਕਬੀਰ ਦੁਆਰਾ ਰਚਿਤ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਸਮੁੱਚੇ ਗਾਇਨ ਦੌਰਾਨ ਰਾਗ ਧਨਾਸਰੀ ਨੂੰ ਹੀ ਪ੍ਰਮੁੱਖਤਾ ਦਿਤੀ ਜਾਂਦੀ ਹੈ। ਆਰਤੀ ਦਾ ਗਾਇਨ ਸਮੂਹ ਸੰਗਤ ਨਾਲ ਕੀਰਤਨਕਾਰ ਸਮੂਹਕ ਰੂਪ ਵਿਚ ਕਰਦੇ ਹਨ। ਆਰਤੀ ਦੀ ਚਉਕੀ ਵਿਚ ਆਰਤੀ ਦੇ ਸ਼ਬਦਾਂ ਦੇ ਗਾਇਨ ਉਪਰੰਤ ਰਾਤ ਦੇ ਰਾਗਾਂ ਵਿਚ ਕੁਝ ਸ਼ਬਦਾਂ ਦਾ ਗਾਇਨ ਵੀ ਕੀਤਾ ਜਾਂਦਾ ਹੈ।ਜਿਨ੍ਹਾਂ ਵਿਚ ਕੇਦਾਰਾ ਰਾਗ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਕਲਿਆਣ ਦੀ ਚਉਕੀ ਇਸ ਚਉਕੀ ਦੇ ਨਾਮ ਤੋਂ ਹੀ ਸਪਸ਼ਟ ਹੈ, ਇਹ ਚਉਕੀ ਇਕ ਰਾਗ ਵਿਸ਼ਿਸ਼ਟ ਰਾਗ ਕਲਿਆਣ ਦੀ ਚਉਕੀ ਹੈ ਜਿਸ ਅਧੀਨ ਰਾਗ ਕਲਿਆਣ ਦੇ ਸ਼ਬਦਾਂ ਦਾ ਗਾਇਨ ਵਿਸ਼ੇਸ਼ ਤੌਰ 'ਤੇ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਲਿਆਣ ਦੇ ਪ੍ਰਕਾਰਾਂ ਜਿਵੇਂ ਕਲਿਆਣ ਭੋਪਾਲੀ ਅਤੇ ਸ਼ਾਮ ਦੇ ਹੋਰ ਰਾਗਾਂ ਅਧੀਨ ਸ਼ਬਦ ਗਾਇਨ ਕੀਤਾ ਜਾਂਦਾ ਹੈ। ਇਸ ਸ਼ਬਦ ਚਉਕੀ ਵਿਚ ਵੀ ਕੇਦਾਰਾ ਰਾਗ ਦਾ ਗਾਇਨ ਕੀਤਾ ਜਾਂਦਾ ਹੈ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਕੇਦਾਰਾ ਦੇ ਚਿਤਰ ਉਪਲਬਧ ਹਨ। ਪ੍ਰਸਿੱਧ

ਸਿੱਖ ਚਿੱਤਰਕਾਰ ਦੇਵਿੰਦਰ ਸਿੰਘ, ਜਰਨੈਲ ਸਿੰਘ ਆਦਿ ਹੁਰਾਂ ਤੋਂ ਬਾਣੀ 'ਤੇ ਆਧਾਰਿਤ ਰਾਗਾਂ ਵਿਚ ਰਚਿਤ ਬਾਣੀ ਦੇ ਅਧਿਐਨ ਤੋਂ ਬਾਅਦ ਬਾਣੀ 'ਤੇ ਆਧਾਰਿਤ ਰਾਗਾਂ ਦੇ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, 1992 ਲਈ ਤਿਆਰ ਕਰਵਾਏ ਸਨ, ਜਿਸ ਤੋਂ ਰਾਗਾਂ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ। ਇਸ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਵਿਖੇ ਮਿਨੇਚਰ ਪੇਂਟਿੰਗ ਦੀ ਸ਼ੈਲੀ ਵਿਚ ਪ੍ਰੋਫੈਸਰ ਐਸ. ਸੁਮਹਿੰਦਰਾ (ਰਾਜਸਥਾਨ) ਦੀ ਅਗਵਾਈ ਵਿਚ ਦਸ ਕਲਾਕਾਰਾਂ ਦੀ ਟੀਮ ਨੂੰ ਪੰਜਾਬੀ ਯੂਨੀਵਰਸਿਟੀ ਵਿਖੇ ਬੁਲਾ ਕੇ ਸ੍ਰੀ ਗੁਰੁ ਗ੍ਰੰਥ ਸਾਹਿਬ ਦੇ ਰਾਗਾਂ 'ਤੇ ਕੁਝ ਪੇਂਟਿੰਗਜ਼ ਬਣਾਈਆਂ। ਕੈਨੇਡਾ ਵਸ ਗਏ ਸਾਡੇ ਹਰਦਿਲ ਆਜ਼ੀਜ਼ ਚਿਤਰਕਾਰ ਜਰਨੈਲ ਸਿੰਘ ਦੀ ਸ੍ਰੀ ਗੁਰੁ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੇਂਟਿੰਗਜ਼ ਵਿਚ ਵਿਸ਼ੇਸ਼ ਰੁਚੀ ਰਹੀ। ਕੈਨੇਡਾ ਦੇ ਵਿਸ਼ਵ ਵਿਖਿਆਤ ਚਿਤਰਕਾਰ ਸ. ਹਰਦੇਵ ਸਿੰਘ ਨੇ ਵੀ ਆਪਣੇ ਅੰਦਾਜ਼ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਨੂੰ ਕਲਾਤਮਕ ਛੋਹ ਪ੍ਰਦਾਨ ਕਰ ਆਪਣੀ ਅਕੀਦਤ ਭੇਟ ਕੀਤੀ ਹੈ।

ਕੇਦਾਰਾ ਰਾਗ ਦੇ ਅਧੀਨ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਭਾਈ ਅਵਤਾਰ ਸਿੰਘ-ਗੁਰਚਰਨ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਪ੍ਰੋ. ਹਰਮਿੰਦਰ ਸਿੰਘ, ਆਦਿ ਪ੍ਰਮੁੱਖ ਰਚਨਾਕਾਰਾਂ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਕੇਦਾਰਾ ਰਾਗ ਨੂੰ ਗੁਰੂ ਘਰ ਦੇ ਕੀਰਤਨੀਆਂ, ਰਾਗੀਆਂ ਤੇ ਸੰਗੀਤਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com, www.sikh-relics.com, www.vismaadnaad.org ਵੈਬਸਾਈਟਸ ਤੇ ਸੁਣ ਸਕਦੇ ਹਾਂ।

* ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਸੰਗੀਤ ਸਿੱਖਿਆ ਪ੍ਰਾਪਤ ਕਰਨ ਵਿਚ ਸ਼ਿਸ਼ ਦੇ ਕਰਤੱਵ

## ਡਾ. ਹਰਮਿੰਦਰ ਕੌਰ

ਸਿੱਖਿਆ ਦਾ ਉਦੇਸ਼ ਪੂਰਾ ਕਰਨ ਵਿੱਚ ਅਧਿਆਪਕ ਅਤੇ ਸਿਖਿਆਰਥੀ ਦੋਹਾਂ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ। ਜੇਕਰ ਅਧਿਆਪਕ ਗੁਣਵਾਨ ਹੋਵੇ ਅਤੇ ਆਪਣੇ ਫਰਜ਼ ਬਾਖੂਬੀ ਨਿਭਾਉਂਦਾ ਹੋਵੇ ਪਰ ਵਿਦਿਆਰਥੀ ਵਿੱਚ ਸੰਗੀਤ ਸਿੱਖਣ ਦੀ ਓਨੀ ਲਗਨ ਨਾ ਹੋਵੇ ਤਾਂ ਵੀ ਸਿੱਖਿਆ ਦਾ ਉਦੇਸ਼ ਪੂਰਾ ਨਹੀਂ ਹੋ ਸਕਦਾ।

ਪਰੰਪਰਾਗਤ ਭਾਰਤੀ ਸਿੱਖਿਆ ਪਰਨਾਲੀ ਵਿੱਚ ਜਿਵੇਂ ਅਧਿਆਪਕ ਦਾ ਆਦਰਸ਼ ਰੂਪ ਗੁਰੂਸੀ, ਇਸੇ ਤਰ੍ਹਾਂ ਵਿਦਿਆਰਥੀ ਨੂੰ ਸ਼ਿਸ਼ ਜਾਂ ਸ਼ਗਿਰਦ ਦਾ ਦਰਜਾ ਪ੍ਰਾਪਤ ਸੀ। ਗੁਰੂ-ਸ਼ਿਸ਼ ਪਰੰਪਰਾ ਵਿੱਚ ਗੁਰੂਅਤੇ ਸ਼ਿਸ਼ ਵਿਚਲਾ ਸਬੰਧ ਸਭ ਤੋਂ ਵਿਲੱਖਣ ਅਤੇ ਖੂਬਸੂਰਤ ਹੈ। ਭਾਰਤੀ ਪਰੰਪਰਾ ਅਨੁਸਾਰ ਸ਼ਿਸ਼ ਨੂੰ ਆਤਮਜ਼ (ਆਤਮਾ+ਜ) ਦਾ ਦਰਜਾ ਦਿੱਤਾ ਗਿਆ ਹੈ ਆਤਮਾ ਤੋਂ ਜਨਮਿਆ ਹੋਇਆ ਹੈ। ਆਤਮਜ਼ ਦੇ ਕਰਤੱਵ ਸਾਰੇ ਓਹੀ ਹਨ, ਜੋ ਇੱਕ ਅਸਲ ਸਪੁੱਤਰ ਦੇ ਹਨ। ਗੁਰੂਅਤੇ ਸ਼ਗਿਰਦ ਦਾ ਇਹ ਰਿਸ਼ਤਾ ਦੋ ਅਧਾਰ ਰੱਖਦਾ ਹੈ:-

(ੳ) ਸ਼ਗਿਰਦ ਦੀ ਗੁਰੂਪ੍ਰਤੀ ਅਥਾਹ ਸ਼ਰਧਾ।

(ਅ) ਗੁਰੂਦਾ ਆਪਣੇ ਸ਼ਗਿਰਦ ਪ੍ਰਤੀ ਡੂੰਘਾ ਸਨੇਹ।

ਸ਼ਿਸ਼ ਆਪਣੇ ਗੁਰੂਅੱਗੇ ਆਤਮ ਸਮਰਪਣ ਕਰਦਾ ਹੈ ਅਤੇ ਬਦਲੇ ਵਿੱਚ ਗੁਰੂਉਸਨੂੰ ਸੰਗੀਤ ਦੀਆਂ ਰਮਜ਼ਾਂ ਅਤੇ ਨਿੱਜੀ ਅਨੁਭਵ ਤੋਂ ਜਾਣੂਕਰਵਾਉਂਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ :

"ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ" ਵਾਲੀ ਅਵਸਥਾ ਸ਼ਾਗਿਰਦ ਦੀ ਹੋਣੀ ਚਾਹੀਦੀ ਹੈ ਤਾਂ ਹੀ ਗੁਰੂਆਪਣੀ ਸਾਧਨਾ ਰਾਹੀਂ ਕੀਤੀ ਕਮਾਈ ਸ਼ਿਸ਼ ਨੂੰਸੌਂਪਦਾ ਹੈ। ਇਹ ਰਿਸ਼ਤਾ ਗਿਆਨ ਦੇ ਅਦਾਨ-ਪਰਦਾਨ ਦੀਆਂ ਹੱਦਾਂ ਪਾਰ ਕਰਦਿਆਂ ਹੋਇਆਂ, ਸ਼ਗਿਰਦ ਦੇ ਨੈਤਿਕ ਆਚਰਣ ਅਤੇ ਉਸਦੇ ਜੀਵਨ ਵਿੱਚ ਵਿਚਰਨ ਦੇ ਢੰਗ ਤੱਕ ਪਸਰ ਜਾਂਦਾ ਹੈ। ਇਹਨਾਂ ਹੀ ਨਹੀਂ ਸ਼ਗਿਰਦ ਵਿਚਲੀਆਂ ਕਮੀਆਂ ਦੀ ਜ਼ਿੰਮੇਵਾਰੀ ਵੀ ਗੁਰੂਹੀ ਉਠਾਉਂਦਾ ਹੈ। ਜਿਵੇਂ ਗੁਰੂਇੱਕ ਸੁਯੋਗ ਪਾਤਰ ਨੂੰ ਅਪਨਾਉਣਾ ਚਾਹੁੰਦਾ ਹੈ, ਉਸੇ ਤਰ੍ਹਾਂ ਸ਼ਗਿਰਦ ਵੀ ਇੱਕ ਆਦਰਸ਼ ਗੁਰੂਦੀ ਭਾਲ ਵਿੱਚ ਰਹਿੰਦਾ ਹੈ। ਇੱਕ ਕਹਾਵਤ ਹੈ: ਪਾਨੀ ਪੀਏ ਛਾਨ ਕੇ ਗੁਰੂਬਨਾਈਏ ਜਾਨ ਕੇ।

ਭਾਵ ਜਿਵੇਂ ਪਾਣੀ ਨੂੰ ਛਾਨਣ ਉਪਰੰਤ ਹੀ ਗ੍ਰਹਿਣ ਕਰਨਾ ਚਾਹੀਦਾ ਹੈ ਉਵੇਂ ਹੀ ਗੁਰੂਉਸਨੂੰ ਉਦੋਂ ਧਾਰਣ ਕਰਨਾ ਚਾਹੀਦਾ ਹੈ ਜਦੋਂ ਉਸ ਫੈਸਲੇ ਤੇ ਪੂਰਨ ਰੂਪ ਵਿੱਚ ਵਿਚਾਰ ਕਰ ਲਿਆ ਹੋਵੇ। ਇੱਕ ਯੋਗ ਗੁਰੂ ਨਾ ਮਿਲਣ ਤੇ ਸ਼ਗਿਰਦ ਦੀ ਪ੍ਰਤਿਭਾ, ਇੱਛਾ ਅਤੇ ਗਿਆਨ ਪ੍ਰਾਪਤੀ ਦੀ ਤੀਬਰਤਾ ਦਾ ਅੰਤ ਹੋ ਜਾਂਦਾ ਹੈ। ਚੰਗੇ ਭਾਗਾਂ ਨਾਲ ਹੀ ਕਾਬਿਲ ਉਸਤਾਦ ਮਿਲਦਾ ਹੈ।ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਸ਼ਾਗਿਰਦ ਬਾਰੇ ਲਿਖਿਆ ਹੈ :- "ਜਿਨਾ ਭਾਗ ਮਥਾਹੜੈ ਤਿਨ ਉਸਤਾਦ ਪਨਾਹਿ" ਤਿੰਨ ਰਿਣ ਅਜਿਹੇ ਹਨ, ਜਿਹੜੇ ਅਸੀਂ ਕਦੇ ਵੀ ਨਹੀਂ ਚੁਕਾ ਸਕਦੇ- ਮਾਤਰੀ ਰਿਣ, ਪਿਤਰੀ ਰਿਣ ਅਤੇ ਗੁਰੂਰਿਣ। ਗੁਰੂਤਾਂ ਹੀ ਸ਼ਿਸ਼ ਨੂੰ ਸਹੀ ਰੂਪ ਵਿੱਚ ਸਿੱਖਿਆ ਦਿੰਦਾ ਸੀ, ਜੇਕਰ ਸ਼ਗਿਰਦ ਉਸਦੇ

ਯੋਗ ਹੋਵੇ। ਸ਼ਗਿਰਦ ਦੀ ਪਰਖ ਕਰਨ ਤੋਂ ਬਾਅਦ ਹੀ ਸਿੱਖਿਆ ਦੇਣ ਦਾ ਸਿਲਸਿਲਾ ਸ਼ੁਰੂਹੁੰਦਾ ਸੀ। ਸ਼ਿਸ਼ ਦੇ ਵੀ ਕੁਝ ਕਰਤੱਵ ਹੁੰਦੇ ਹਨ, ਜਿਨ੍ਹਾਂ ਨੂੰ ਆਪਣਾ ਕੇ ਹੀ ਉਹ ਗੁਰੂਪਾਸੋਂ ਸਹੀ ਰੂਪ ਵਿੱਚ ਸਿੱਖਿਆ ਗ੍ਰਹਿਣ ਕਰਦਾ ਸੀ। ਸ਼ਿਸ਼ ਦੇ ਗੁਣਾਂ ਅਤੇ ਕਰਤੱਵਾਂ ਦਾ ਵਿਵਰਣ ਇਸ ਪ੍ਰਕਾਰ ਹੈ:- ਸ਼ਗਿਰਦ ਆਪਣੇ ਗੁਰੂਦੀ ਸੇਵਾ ਕਰਨ ਅਤੇ ਉਸਦੇ ਜੀਵਨ ਨੂੰ ਅਰਾਮਦਾਇਕ ਬਣਾਉਣ ਨੂੰ ਆਪਣਾ ਧਰਮ-ਪਰਖ ਸਮਝਦਾ ਹੈ। ਇਸੇ ਲਈ ਉਸ ਨੂੰ ਛਾਤ੍ਰੋ ਦੀ ਉਪਾਧੀ ਦਿੱਤੀ ਗਈ ਹੈ, ਕਿਉਂ ਜੋ ਉਹੋ ਛਤ੍ਰੋ ਦੇ ਸਮਾਨ ਆਪਣੇ ਗੁਰੂਦੀ ਰੱਖਿਆ ਕਰਦਾ ਹੈ।

ਸ਼ਗਿਰਦ ਆਪਣੇ ਗੁਰੂਅੱਗੇ ਪੂਰਨ ਰੂਪ ਵਿੱਚ ਅਗਿਆਕਾਰੀ ਹੁੰਦਾ ਹੈ। ਗੁਰੂਦੀ ਆਗਿਆ ਸ਼ਿਸ਼ ਲਈ ਇਲਾਹੀ ਫੁਰਮਾਨ ਦੀ ਤਰ੍ਹਾਂ ਹੈ। ਪ੍ਰਾਚੀਨ ਸਮੇਂ ਵਿੱਚ ਗੁਰੂ, ਸ਼ਿਸ਼ ਨੂੰ ਭਾਵੇਂ ਕਿੰਨਾ ਵੀ ਕਠਿਨ ਕੰਮ ਕਰਨ ਦਾ ਆਦੇਸ਼ ਦਿੰਦਾ ਸੀ, ਪਰ ਸ਼ਿਸ਼ ਉਸਨੂੰ ਖਿੜੇ ਮੱਥੇ ਸਵੀਕਾਰ ਕਰਦਾ ਸੀ।

ਗੁਰੂਦੇ ਸਨਮੁਖ ਉਸਦਾ ਆਚਰਣ ਅਤੇ ਵਿਵਹਾਰ ਨਿਮਰ ਅਤੇ ਸ਼ੁੱਧ ਹੁੰਦਾ ਹੈ। ਆਪਣੇ ਗੁਰੂਦੀ ਪ੍ਰਤਿਸ਼ਠਾ ਦੀ ਰੱਖਿਆ ਉਹ ਉਸਨੂੰ ਸ੍ਵੈ-ਪ੍ਰਤਿਸ਼ਠਾ ਮੰਨਕੇ ਕਰਦਾ ਹੈ। ਜਦੋਂ ਸ਼ਗਿਰਦ ਇੱਕ ਸਥਾਪਤ ਕਲਾਕਾਰ ਬਣ ਜਾਂਦਾ ਹੈ ਤਾਂ ਉਹ ਉਦੋਂ ਵੀ ਅਨੁਕੂਲ ਮੌਕੇ ਤੇ ਆਪਣੇ ਗੁਰੂਦੇ ਉਪਕਾਰ ਨੂੰ ਸਵੀਕਾਰ ਕਰਦਾ ਹੈ।

ਸ਼ਿਸ਼ ਆਪਣੇ ਗੁਰੂਪ੍ਰਤੀ ਸ਼ਰਧਾਵਾਨ ਅਤੇ ਇਮਾਨਦਾਰ ਹੁੰਦਾ ਹੈ। ਉਹ ਗੁਰੂਨੂੰ ਰੱਬ ਦਾ ਰੂਪ ਜਾਣ ਕੇ ਹਮੇਸ਼ਾਂ ਸੱਚ ਬੋਲਦਾ ਹੈ। ਕੋਈ ਵੀ ਗੱਲ ਛੁਪਾਕੇ ਨਹੀਂ ਰੱਖਦਾ। ਗੁਰੂਵੱਲੋਂ ਸ਼ਗਿਰਦ ਵਜੋਂ ਅਪਣਾਏ ਜਾਣ ਤੋਂ ਪਹਿਲਾਂ ਸ਼ਗਿਰਦ ਗੁਰੂਦੁਆਰਾ ਲਈ ਜਾਂਦੀ ਪੂਰਵ-ਪ੍ਰੀਖਿਆ ਵਿੱਚੋਂ ਲੰਘਦਾ ਸੀ। ਪੂਰਵ ਪ੍ਰੀਖਿਆ ਦਾ ਇਹ ਸਮਾਂ ਅਤੇ ਢੰਗ ਗੁਰੂਹੀ ਨਿਰਧਾਰਤ ਕਰਦਾ ਸੀ। ਇਸ ਦੌਰਾਨ ਸ਼ਗਿਰਦ ਨੂੰ ਆਪਣੀ ਸ਼ਰਧਾ ਅਤੇ ਸਮਰਪਣ ਨੂੰ ਪ੍ਰਮਾਣਤ ਕਰਨ ਲਈ ਕਈ ਅਵਸਰ ਮਿਲਦੇ ਹਨ। ਪ੍ਰਾਚੀਨ ਸਮੇਂ ਵਿੱਚ ਪ੍ਰੀਖਿਆ ਵੀ ਬਹੁਤ ਲੰਬੀ ਹੁੰਦੀ ਸੀ। ਜਿਸ ਦਿਨ ਉਸ ਤੇ ਗੁਰੂਦੀ ਕਿਰਪਾ-ਦ੍ਰਿਸ਼ਟੀ ਹੋ ਜਾਂਦੀ ਗੁਰੂਉਸਨੂੰ ਵਿਧੀਪੂਰਵਕ ਆਪਣਾ ਸ਼ਗਿਰਦ ਸਵੀਕਾਰ ਕਰ ਲੈਂਦਾ। ਕਈ ਵਾਰ ਅਜਿਹੇ ਮੌਕਿਆਂ ਤੇ ਗੰਡਾ ਬੰਨ੍ਹਣ ਦੀ ਰਸਮ ਕੀਤੀ ਜਾਂਦੀ ਸੀ, ਜੋ ਇਸ ਗੱਲ ਦਾ ਪ੍ਰਤੀਕ ਸੀ ਕਿ ਹੁਣ ਗੁਰੂਅਤੇ ਸ਼ਗਿਰਦ ਦੋਵੇਂ ਆਜੀਵਨ ਬੰਧਨ ਵਿੱਚ ਬੰਨ੍ਹੇ ਗਏ ਹਨ। ਅਜਿਹੇ ਅਵਸਰ ਤੇ ਧਾਰਮਿਕ ਵਿਧੀ-ਵਿਧਾਨ ਵੀ ਹੁੰਦਾ ਸੀ, ਗੁਰੂ ਦੇ ਹੋਰ ਸ਼ਗਿਰਦ ਵੀ ਹਾਜ਼ਰ ਹੁੰਦੇ ਸਨ ਅਤੇ ਕੁਝ ਸੰਗੀਤਕਾਰਾਂ ਨੂੰਵੀ ਬੁਲਾਵਾ ਭੇਜਿਆ ਜਾਂਦਾ ਸੀ। ਜਦੋਂ ਅਲਾਉਦੀਨ ਖਾਂ ਸਾਹਿਬ ਨੂੰ ਉਹਨਾਂ ਦੇ ਗੁਰੂਨੇ ਸ਼ਗਿਰਦ ਸਵੀਕਾਰ ਕੀਤਾ, ਉਸ ਸਮੇਂ ਵੀ ਗੰਡਾ ਬੰਨ੍ਹਣ ਦੀ ਰਸਮ ਹੋਈ।[25] ਪੂਰਵ ਪ੍ਰੀਖਿਆ ਸ਼ਗਿਰਦ ਦਾ ਪਹਿਲਾ ਪੜ੍ਹਾਅ ਹੁੰਦਾ ਸੀ ਅਤੇ ਕਠਿਨ ਵੀ ਸੀ ਪਰ ਸੁਦ੍ਰਿੜ ਸ਼ਿਸ਼ ਸਿੱਖਿਆ ਪ੍ਰਾਪਤ ਕਰਨ ਲਈ ਇਹ ਪੜਾਅ ਪਾਰ ਕਰਦਾ ਸੀ ਕਿਉਂਕਿ ਉਸ ਨੂੰ ਸੰਗੀਤ ਸਿੱਖਣ ਦੀ ਲਗਨ ਹੁੰਦੀ ਸੀ।

ਇਸ ਤਰ੍ਹਾਂ ਸ਼ਿਸ਼ ਉਪਰੋਕਤ ਗੁਣਾਂ ਦਾ ਧਾਰਣੀ ਹੁੰਦਾ ਸੀ। ਇਹ ਰਿਸ਼ਤਾ ਸ਼ਰਧਾ ਅਤੇ ਪ੍ਰੇਮ ਤੋਂ ਬਿਨ੍ਹਾਂ ਨਹੀਂ ਬਣ ਸਕਦਾ। ਇਹੀ ਇਸ ਰਿਸ਼ਤੇ ਦਾ ਅਧਾਰ ਬਣਦੇ ਹਨ। ਸ਼ਰਧਾ ਦੇ ਨਾਲ ਪਰਸਪਰ ਸੰਵਾਦ ਵੀ ਇਸ ਰਿਸ਼ਤੇ ਦਾ ਅਧਾਰ ਹੈ। ਭਾਵੇਂ ਗੁਰੂਸ਼ਿਸ਼ੋ ਤੇ ਅਧਿਕਾਰ ਰੱਖਦਾ ਹੈ, ਫਿਰ ਵੀ ਆਪਸੀ-ਸੰਵਾਦ ਦਾ ਹੋਣਾ ਬਹੁਤ ਜ਼ਰੂਰੀ ਹੈ। ਸ਼ਗਿਰਦ ਵਿੱਚ ਪੁੱਛਣ ਦੀ ਭਾਵਨਾ ਹੋਣੀ ਚਾਹੀਦੀ ਹੈ ਅਤੇ ਗੁਰੂਵਿੱਚ ਦੱਸਣ ਦੀ ਸਮਰੱਥਾ ਅਤੇ ਸਹਿਜ ਹੋਣਾ ਚਾਹੀਦਾ ਹੈ। ਗੁਰੂਆਪਣੇ ਸ਼ਗਿਰਦ ਨੂੰ ਵਿਵੇਚਨਾਤਮਕ ਬਣਨ ਲਈ ਪ੍ਰੇਰਿਤ ਕਰੇ। ਸਮੇਂ ਦੇ ਪਰਿਵਤਰਨ ਨਾਲ ਜਿਵੇਂ ਗੁਰੂ ਦੀ ਥਾਂ ਅਧਿਆਪਕ ਸ਼ਬਦ ਪ੍ਰਯੋਗ ਹੋਣ ਲੱਗਿਆ ਉਸੇ ਤਰ੍ਹਾਂ ਸ਼ਿਸ਼ ਦੀ ਜਗ੍ਹਾਂ ਵਿਦਿਆਰਥੀ ਨੇ ਲੈ ਲਈ। ਅਗਲੇਰੇ ਆਰਟੀਕਲ ਵਿਚ ਇਸ ਸਬੰਧੀ ਵਰਣਨ ਕੀਤਾ ਜਾਵੇਗਾ।

**ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

**Email : drhkgurmatsangeet@gmail.com**

# ਭਗਤ ਰਵਿਦਾਸ ਬਾਣੀ ਵਿਚ ਪ੍ਰਸਤੁਤ ਗਾਇਨ ਸ਼ੈਲੀਆਂ

**ਡਾ. ਹਰਜਸ ਕੌਰ**

ਭਗਤ ਰਵਿਦਾਸ ਜੀ ਭਗਤੀ ਲਹਿਰ ਦੇ ਨਿਰਗੁਣਧਾਰਾ ਦੇ ਮਹਾਨ ਸੰਤ ਕਵੀ ਅਤੇ ਸੰਗੀਤਕਾਰ ਹਨ ਜਿਨ੍ਹਾਂ ਦਾ ਅਧਿਆਤਮਕ ਜਗਤ ਵਿਚ ਸਤਿਕਾਰਯੋਗ ਸਥਾਨ ਹੈ। ਭਗਤੀ ਲਹਿਰ ਮੱਧ ਕਾਲ ਦਾ ਇਕ ਵਿਸ਼ਾਲ ਅੰਦੋਲਨ ਹੈ ਜਿਸਨੇ ਭਾਰਤੀ ਅਧਿਆਤਮਕ, ਸਮਾਜਿਕ ਅਤੇ ਰਾਜਨੀਤਕ ਚੇਤਨਾ ਨੂੰ ਪ੍ਰਭਾਵਿਤ ਕਰਦਿਆਂ ਇਸਨੂੰ ਨਵੀਨ ਸਾਤਵਿਕ ਮੁੱਲ ਪ੍ਰਦਾਨ ਕੀਤੇ।ਭਗਤੀ ਲਹਿਰ ਦੇ ਹੋਂਦ ਵਿਚ ਆਉਣ ਬਾਰੇ ਵਿਦਵਾਨਾਂ ਨੇ ਵੱਖ - ਵੱਖ ਵਿਚਾਰ ਪ੍ਰਸਤੁਤ ਕੀਤੇ ਹਨ। ਇਸਦਾ ਆਰੰਭ ਦੱਖਣ ਤੋਂ ਹੋਇਆ ਅਤੇ ਇਹ ਸਮਸਤ ਭਾਰਤ ਵਿਚ ਫੈਲ ਗਈ।ਭਾਰਤ ਦੇ ਦੱਖਣ ਅਤੇ ਉੱਤਰ ਵਿਚ ਦੈਵੀ ਪ੍ਰੇਮ ॥ਤੇ ਆਧਾਰਿਤ ਬ੍ਰਹਮਵਾਦ ਦੀ ਅਭਿਵਿਅਕਤੀ ਇਲਕਾਈ ਭਾਸ਼ਾਵਾਂ ਵਿਚ ਹੋਈ।ਇਸ ਅਭਿਵਿਅਕਤੀ ਦੇ ਪ੍ਰਮੁੱਖ ਅਭਿਵਿਅਕਤਾ ਜੋ ਬਾਅਦ ਵਿਚ ਭਗਤੀ ਲਹਿਰ ਦੇ ਪ੍ਰਚਾਰਕ ਵੀ ਮੰਨੇ ਗਏ , ਨੀਵੀਆਂ ਜਾਤੀਆਂ ਦੇ ਰੌਸ਼ਨ ਦਿਮਾਗ ਅਧਿਆਤਮ ਜੀਵੀ ਸਨ।

ਭਗਤੀ ਲਹਿਰ ਦਾ ਆਰੰਭ ਇਕ ਧਾਰਮਿਕ ਅੰਦੋਲਨ ਵਜੋਂ ਹੋਇਆ। ਇਸ ਅਧੀਨ ਪ੍ਰਯੋਗ ਕੀਤੇ ਗਏ ਕਾਵਿ ਨੂੰ ਭਗਤੀ- ਕਾਵਿ ਕਿਹਾ ਜਾਂਦਾ ਹੈ ਅਤੇ ਭਗਤੀ ਕਾਵਿ ਦੀ ਪ੍ਰਸਤੁਤੀ ਲਈ ਪ੍ਰਯੋਗ ਕੀਤੇ ਗਏ ਸੰਗੀਤ ਨੂੰ ਭਗਤੀ ਸੰਗੀਤ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਭਗਤੀ ਲਹਿਰ ਆਪਣੀ ਪਿੱਠ ਭੂਮੀ ਨਾਥ ਅਤੇ ਜੋਗੀ, ਸੂਫੀ ਸੰਪਰਦਾਵਾਂ ਦੇ ਪ੍ਰਭਾਵ ਤੋਂ ਉਪਜੀ ਹੋਣ ਕਰਕੇ ਇਸਦਾ ਮੁਖ ਉਦੇਸ਼ ਸਰਗੁਣ ਸੀ ਜੋ ਬਾਅਦ ਵਿਚ ਨਿਰਗੁਣ ਉਪਾਸਨਾ ਦੀ ਧਾਰਣਾ ਵੀ ਬਣੀ।ਇਸ ਪਰੰਪਰਾ ਅਧੀਨ ॥ਸੰਤ❁ ਭਗਤ ਜਨਾਂ ਵਿਚ ਰਾਮ ਦੀ ਨਿਰਗੁਣ ਭਗਤੀ ਕੀਤੀ ਜਾਂਦੀ ਸੀ ਜਿਸ ਦਾ ਪ੍ਰਚਾਰ ਭਗਤ ਕਬੀਰ,ਰਵਿਦਾਸ ਜੀ ਆਦਿ ਨੇ ਕੀਤਾ।ਇਨ੍ਹਾਂ ਭਗਤਾਂ ਦੀਆਂ ਰਚਨਾਵਾਂ ਉਪਰ ਰਾਗ ਸਿਰਲੇਖ ਵਜੋਂ ਅੰਕਿਤ ਹਨ। ਉਨ੍ਹਾਂ ਨੇ ਆਪਣੇ ਪਦਿਆਂ ਨੂੰ ਵਿਸ਼ਿਸ਼ਟ ਸੰਗੀਤ ਨਿਯਮਾਂ ਸਹਿਤ ਰਾਗਾਂ ਅਧੀਨ ਗਾਇਆ ਅਤੇ ਪ੍ਰਚਾਰਿਆ।

ਭਗਤ ਰਵਿਦਾਸ ਜੀ ਨੇ ਬਾਣੀ ਰਚਨਾ ਕੀਤੀ। ਉਨ੍ਹਾਂ ਦੁਆਰਾ ਰਚੀ ਬਾਣੀ ਦੇ ਗ੍ਰੰਥ ਹੱਥ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਦੇ ਰੂਪ ਵਿਚ ਬਹੁਤ ਥਾਵਾਂ ॥ਤੇ ਸੁਰੱਖਿਅਤ ਹਨ।ਉਹਨਾਂ ਵਿਚੋਂ ਹੱਥ ਲਿਖਤ ਦਾਦੂ ਸੰਸਕ੍ਰਿਤ ਮਹਾਂਵਿਦਿਆਲਾ ਜੈਪੁਰ, ਸਿਟੀ ਪੈਲੇਸ ਜੈਪੁਰ, ਭਾਰਤੀ ਵਿੱਦਿਆ ਮੰਦਰ ਬੀਕਾਨੇਰ, ਜੋਧਪੁਰ,ਉਦੇਪੁਰ, ਬਨਾਰਸ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਸਿੱਖ ਰਿਸੋਰਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਪਏ ਹਨ1 ਭਗਤ ਰਵਿਦਾਸ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਬਾਣੀਕਾਰ ਦਾ ਦਰਜਾ ਦਿੱਤਾ। ਭਗਤ ਰਵਿਦਾਸ ਜੀ ਦੇ 40 ਸਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤੇ ਜੋ ਪ੍ਰਮਾਣਿਕਤਾ ਦਾ ਪ੍ਰਤੱਖ ਪ੍ਰਮਾਣ ਹੈ।ਭਗਤ ਰਵਿਦਾਸ ਜੀ ਨੇ ਪਦੇ, ਅਸਟਪਦੀ ਅਤੇ ਸ਼ਲੋਕ ਸ਼ਾਸਤਰੀ ਗਾਇਨ ਸ਼ੈਲੀਆਂ ਦੇ ਨਾਲ- ਨਾਲ ਲੋਕ ਗਾਇਨ ਸੈਲੀ ਆਰਤੀ ਦਾ ਵੀ ਆਪਣੀ ਬਾਣੀ ਦੇ ਗਾਇਨ ਹਿਤ ਪ੍ਰਯੋਗ ਕੀਤਾ।ਭਗਤ ਰਵਿਦਾਸ ਜੀ ਦੀ ਬਾਣੀ ਤੋਂ ਕਾਵਿ ਪ੍ਰਤਿਭਾ ਦੀ ਝਲਕ ਮਿਲਦੀ ਹੈ ਉਥੇ ਇਹ ਸੰਗੀਤ ਦੀ ਸੂਖਸਮ ਸੂਝ ਦੇ ਮਾਲਿਕ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੀ ਵਲੋਂ ਪ੍ਰਯੋਗ ਕੀਤੀਆਂ ਗਈਆਂ ਗਾਇਨ ਸ਼ੈਲੀਆਂ ਬਾਰੇ ਵਿਚਾਰ ਇਸ ਤਰ੍ਹਾਂ ਹੈ।

**ਅਸ਼ਟਪਦੀ**

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਦੀ ਪ੍ਰਸਤੁਤੀ ਲਈ ਭਾਰਤੀ ਸੰਗੀਤ ਵਿਚ ਮੱਧਕਾਲ ਵਿਚ ਪ੍ਰੱਚਲਿਤ ਪ੍ਰਬੰਧ ਗਾਇਨ ਸ਼ੈਲੀ ਅੰਗ ਤੋਂ ਅਸ਼ਟਪਦੀ ਦਾ ਕਾਵਿਕ ਅਤੇ ਸੰਗੀਤਕ ਰੂਪ ਸਨਾਤਨੀ ਉੱਚਤਾ ਦਾ ਧਾਰਣੀ ਹੈ। ਅਸ਼ਟਪਦੀ ਸ਼ਬਦ ਤੋਂ ਸਪਸ਼ਟ ਹੈ ਕਿ ਅੱਠ ਪਦਿਆਂ (ਅਸ਼ਟ ਪਦ) ਦਾ ਸੰਗ੍ਰਹਿ ਹੈ। ਇਹ ਸਨਾਤਨੀ ਕਾਵਿ ਦੇ ਅੰਤਰਗਤ ਆਉਣ ਵਾਲਾ ਪ੍ਰੱਚਲਿਤ ਤੇ ਸਥਾਪਿਤ ਕਾਵਿ ਰੂਪ ਹੈ ਜਿਸ ਵਿਚ ਦਰਸ਼ਨ ਤੇ ਧਰਮ ਦੇ ਵਿਭਿੰਨ ਸਿਧਾਂਤਾਂ ਦਾ ਵਰਣਨ ਹੈ। ਅਸ਼ਟਪਦੀ ਅਧੀਨ ਗੰਭੀਰ ਕਿਸਮ ਦੇ ਬੌਧਿਕ ਵਿਚਾਰਾਂ ਦਾ ਪ੍ਰਗਟਾਵਾ ਹੈ।

ਅੱਠ ਪਦਾਂ ਦੀ ਰਚਨਾ ਨੂੰ ਅਸ਼ਟਪਦੀ ਕਹਿੰਦੇ ਹਨ। ਇਸ ਕਾਵਿ ਰੂਪ ਦਾ ਕੋਈ ਖਾਸ ਤੋਲ ਤੁਕਾਂਤ ਨਹੀਂ। ਹਾਂ ਇਸ ਵਿਚ ਅੱਠ ਛੰਦ ਇਕੋ ਪ੍ਰਬੰਧ ਵਿਚ ਲਿਖੇ ਜਾਂਦੇ ਹਨ2 ਭਾਈ ਕਾਨ੍ਹ ਸਿੰਘ ਨਾਭਾ ॥ਅਨੁਸਾਰ, ਇਹ ਛੰਦ ਦੀ ਖਾਸ ਜਾਤਿ ਨਹੀਂ ਹੈ। ਜਿਸ ਪ੍ਰਬੰਧ ਵਿਚ ਅੱਠ ਛੰਦ (ਪਦ) ਇੱਕਠੇ ਹੋਣ ਉਸਦੀ ਅਸ਼ਟਪਦੀ ਸੰਗਿਆ ਹੈ।'[3] ਅਧਿਆਤਮਕ ਸੰਗੀਤ ਅੰਤਰਗਤ 12 ਵੀਂ ਸਦੀ ਦੇ ਪ੍ਰਸਿੱਧ ਕਵੀ ਅਤੇ ਮਹਾਨ ਸੰਗੀਤਕਾਰ ਜੈ ਦੇਵ ਦੁਆਰਾ ਰਚਿਤ ਗੀਤ ਗੋਵਿੰਦ ਦੀਆਂ ਮਹੱਤਵਪੂਰਨ ਰਚਨਾਵਾਂ ਅਸ਼ਟਪਦੀਆਂ ਪ੍ਰਬੰਧ ਗਾਇਨ ਦਾ ਉਤਕ੍ਰਿਸ਼ਟ ਨਮੂਨਾ ਹਨ। ਪ੍ਰਬੰਧ ਸ਼ੈਲੀ ਦੇ ਚਾਰ ਅੰਗ ਉਦਗ੍ਰਾਹ, ਧਰੁਵ, ਮੇਲਾਪਕ ਅਤੇ ਆਭੋਗ ਹਨ ਜੋ ਚਾਰ ਧਾਤੂ ਦੇ ਨਾਮ ਤੋਂ ਵੀ ਜਾਣੇ ਜਾਂਦੇ ਹਨ। ਜ਼ਿਆਦਾਤਰ ਗ੍ਰੰਥਕਾਰਾਂ ਦੇ ਪ੍ਰਬੰਧ ਦੇ ਅੰਗ/ਧਾਤੂ ਉਦਗ੍ਰਾਹ,ਧਰੁਵ, ਮੇਲਾਪਕ, ਆਭੋਗ ਹੀ ਮੰਨੇ ਹਨ ਪਰ ਵਿਜੇ ਚੰਦੋਰਕਰ ਜੀ ਅਨੁਸਾਰ ਉਦਗ੍ਰਾਹ, ਧਰੁਵ, ਅੰਤਰਾ, ਆਭੋਗ ਨਾਮ ਵੀ ਪ੍ਰਚਾਰ ਵਿਚ ਸਨ।4

ਗੀਤ ਦਾ ਆਰੰਭਿਕ ਭਾਗ ਜਿਥੋਂ ਗੀਤ ਦੀ ਸ਼ੁਰੂਆਤ ਹੁੰਦੀ ਹੈ, ਉਦਗ੍ਰਾਹ ਅਖਵਾਉਂਦਾ ਹੈ। ਪ੍ਰਬੰਧ ਦਾ ਪਹਿਲਾ ਭਾਗ ਉਦਗ੍ਰਾਹ ਅਤੇ ਤੀਸਰਾ ਭਾਗ ਧਰੁਵ ਦੇ ਸੰਜੋਗ ਤੋਂ ਮੇਲਾਪਕ ਬਣਦਾ ਹੈ। ਧਰੁਵ ਪ੍ਰਬੰਧ ਸ਼ੈਲੀ ਦਾ ਅਹਿਮ ਅੰਗ ਹੈ ਜੋ ਸਥਾਈ ਜਾਂ ਟੇਕ ਵਜੋਂ ਪ੍ਰਬੰਧ ਸ਼ੈਲੀ ਵਿਚ ਵਿਦਮਾਨ ਹੈ। ਇਸਦਾ ਗਾਇਨ ਵਿਸ਼ੇਸ਼ ਰੂਪ ਵਿਚ ਬਾਰ-ਬਾਰ ਕੀਤਾ ਜਾਂਦਾ ਹੈ। ਆਭੋਗ ਪ੍ਰਬੰਧ ਗਾਨ ਦਾ ਅੰਤਿਮ ਅਤੇ ਚੌਥਾ ਭਾਗ ਹੈ, ਜਿਸਤੇ ਪ੍ਰਬੰਧ ਗਾਨ ਦੀ ਸਮਾਪਤੀ ਹੁੰਦੀ ਹੈ।

ਭਗਤ ਰਵਿਦਾਸ ਬਾਣੀ ਅਧੀਨ ਅਸ਼ਟਪਦੀ ਵਿਚ ਪ੍ਰਬੰਧ ਦੇ ਉਦਗ੍ਰਾਹ, ਧਰੁਵ, ਅੰਤਰੇ ਤੋਂ ਬਿਨਾਂ ਮੇਲਾਪਕ ਆਦਿ ਧਾਤੂਆਂ ਦਾ ਪ੍ਰਯੋਗ ਨਹੀਂ ਕੀਤਾ ਗਿਆ। ਉਦਾਹਰਣ ਦੇ ਤੌਰ ॥ਤੇ ਭਗਤ ਰਵਿਦਾਸ ਜੀ ਦੀ ਰਾਗ ਗਉੜੀ ਬੈਰਾਗਣਿ ਵਿਚ ਦਰਜ ਅਸ਼ਟਪਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ

ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥

ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥ ( ਆਦਿ ਗ੍ਰੰਥ, ਪੰਨਾ 346)

ਉਪਰੋਕਤ ਅਸ਼ਟਪਦੀ ਦੇ ਸਾਰੇ ਅੰਗ ਅੰਕਾਂ ਸਹਿਤ ਅੰਕਿਤ ਹਨ। ਅਸ਼ਟਪਦੀ ਵਿਚ ਪਹਿਲੀਆਂ ਦੋ ਸਤਰਾਂ ਜਿਨ੍ਹਾਂ ਤੋਂ ਬਾਅਦ ਅੰਕ ਮਿਲਦਾ ਹੈ, ਉਦਗ੍ਰਾਹ ਧਾਤੂ ਹੈ। ਉਦਗ੍ਰਾਹ ਤੋਂ ਬਾਅਦ ਰਹਾਉ ਦੀ ਤੁਕ ਧਰੂਵ ਹੈ ਜੋ ਸਥਾਈ ਵਜੋਂ ਕਿਰਿਆਸ਼ੀਲ ਰਹਿੰਦੀ ਹੈ। ਪ੍ਰਬੰਧ ਦੇ ਦੋ ਧਾਤੂ ਉਦਗ੍ਰਾਹ ਅਤੇ ਧਰੁਵ ਤੋਂ ਬਿਨਾਂ ਅਸ਼ਟਪਦੀ ਦੀਆਂ ਬਾਕੀ ਤੁਕਾਂ ਦਾ ਅੰਤਰੇ ਦੇ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ। ਭਗਤ ਰਵਿਦਾਸ ਜੀ ਦੁਆਰਾ ਰਚਿਤ ਅਸ਼ਟਪਦੀ ਪ੍ਰਬੰਧ ਗਾਇਨ ਦਾ ਉੱਤਮ ਨਮੂਨਾ ਹੈ। ਅਸ਼ਟਪਦੀ ਨੂੰ ਪ੍ਰਬੰਧ ਅੰਗ ਤੋਂ ਗਾਇਨ ਕਰਨ ਦੀ ਪਰੰਪਰਾ ਹੈ ਪਰ ਸਮੇਂ ਦੇ ਅੰਤਰਾਲ ਸਦਕਾ ਪ੍ਰਬੰਧ ਅੰਗ ਤੋਂ ਅਸ਼ਟਪਦੀ ਦਾ ਗਾਇਨ ਪ੍ਰਚਲਨ ਨਹੀਂ ਹੈ ਪਰ ਇਸਦੀ ਖੋਜ ਦਾ ਸਰੋਤ ਜਾਂ ਸੀਮਾ ਪ੍ਰਾਚੀਨ ਪ੍ਰਬੰਧ ਹੀ ਹੈ।

**ਪਦੇ:-** ਭਗਤ ਰਵਿਦਾਸ ਜੀ ਨੇ ਆਪਣੇ ਸਮੇਂ ਪ੍ਰਚੱਲਿਤ ਧਰੁਪਦ ਸ਼ੈਲੀ ਤੋਂ ਪਦ ਗਾਇਨ ਦੀ ਰਚਨਾ ਕੀਤੀ। ਪਦ ਕਾਵਿ ਦਾ ਪੁਰਾਤਨ ਅਤੇ ਪ੍ਰਚੱਲਿਤ ਕਾਵਿ ਰੂਪ ਹੈ। ਸੰਗੀਤ ਵਿਚ ਇਸਨੂੰ ਗਾਉਣ ਦੀ ਆਪਣੀ ਪਰੰਪਰਾ

ਹੈ। ਸੰਗੀਤ ਭਾਸ਼ਯ ਵਿਚ ਪਦ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਗਈ ਹੈ, ॥ਜਿਨ੍ਹਾਂ ਵਿਸ਼ੇਸ਼ ਅੱਖਰ ਜਾਂ ਵਾਕ ਸਮੂਹਾਂ ਤੋਂ ਕਿਸੇ ਗਤ ਜਾਂ ਗੀਤ ਦਾ ਬੋਧ ਕੀਤਾ ਜਾਂਦਾ ਹੈ। ਉਸ ਸ਼ਬਦਾਵਲੀ ਨੂੰ ਪਦ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਕਵਿਤਾ ਦੇ ਭਿੰਨ -ਭਿੰਨ ਚਰਣ ਜਾਂ ਭਾਗ ਨੂੰ ਵੀ ਸਾਹਿੱਤ ਵਿਚ ਪਦ ਕਿਹਾ ਜਾਂਦਾ ਹੈ।5 ਪਦ ਨੂੰ ਰਾਗ ਪਦ,ਰਾਗ ਪ੍ਰਕਾਸ਼ਕ ਪਦ ਅਤੇ ਸਵਰ ਸ਼ਬਦ ਵੀ ਕਿਹਾ ਜਾਂਦਾ ਹੈ।6 ਪਦੇ ਸਰੋਂਦੀ ਕਵਿਤਾ ਦਾ ਪ੍ਰਸਿੱਧ ਕਾਵਿ ਰੂਪ ਮੰਨਿਆ ਜਾਂਦਾ ਹੈ। ਪਦ ਤੋਂ ਭਾਵ ਪੰਕਤੀ ਜਾਂ ਪੰਕਤੀ ਸਮੂਹ ਹੈ। ਪਦਿਆਂ ਦੀਆਂ ਪੰਕਤੀਆਂ ਨੂੰ ਤੁਕਾਂ ਵੀ ਕਿਹਾ ਜਾਂਦਾ ਹੈ।ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,॥ਉਹ ਛੰਦ ਜਾਂ ਕਾਵਯ, ਵਰਣ, ਗਣ ਅਤੇ ਮਾਤ੍ਰਾ ਦੇ ਨਿਯਮ ਵਿਚ ਹੋਵੇ ਉਸਨੂੰ ਪਦ ਕਿਹਾ ਜਾਂਦਾ ਹੈ। '7 ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਬੰਦ ਜਾਂ ਤੁਕਾਂ ਦੀ ਸੰਖਿਆਂ ਦੇ ਆਧਾਰ ॥ਤੇ ਹੀ ਪਦਿਆਂ ਦੇ ਨਾਮ ਸਿਰਲੇਖ ਰੂਪ ਵਿਚ ਅੰਕਿਤ ਹਨ।ਦੋ ਬੰਦਾਂ ਦੇ ਪਦੇ ਨੂੰ ਦੁਪਦੇ, ਤਿੰਨ ਬੰਦਾਂ ਦੇ ਪਦੇ ਨੂੰ ਤਿਪਦੇ, ਚਾਰ ਬੰਦਾਂ ਦੇ ਪਦੇ ਨੂੰ ਚਉਪਦੇ।ਪਦ ਗਾਇਨ ਨੂੰ ਮੱਧਕਾਲ ਪਰੰਪਰਾ ਦੇ ਅੰਤਰਗਤ ਧਰੁਪਦ ਅੰਗ ਜਾਂ ਧਰੁਪਦ ਸ਼ੈਲੀ ਵਿਚ ਗਾਏ ਜਾਣ ਦੀ ਰੀਤ ਪ੍ਰਚਾਰ ਵਿਚ ਸੀ।

ਧਰੁਪਦ ਭਾਰਤੀ ਸੰਗੀਤ ਦੀ ਪੁਰਾਤਨ ਅਤੇ ਪਰੰਪਰਾਗਤ ਸ਼ੈਲੀ ਹੈ ਜਿਸਦਾ ਮੱਧਕਾਲ ਵਿਚ ਵਿਸ਼ੇਸ਼ ਪ੍ਰਚਲਨ ਸੀ।ਧਰੁਪਦ ਵਿਚ ਸਥਾਈ,ਅੰਤਰਾ, ਸੰਚਾਰੀ ਅਤੇ ਆਭੋਗ ਭਿੰਨ-ਭਿੰਨ ਅੰਗ ਹਨ।ਸਥਾਈ ਨੂੰ ਧਰੁਵ, ਟੇਕ, ਰਹਾਉ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ।ਇਹ ਧਰੁਪਦ ਦਾ ਮੁੱਖ ਅੰਗ ਮੰਨਿਆ ਜਾਂਦਾ ਹੈ ਕਿਉਂਕਿ ਗਤ ਦੇ ਸੰਪੂਰਣ ਵਿਸਤਾਰ ਅਤੇ ਲੈਅਕਾਰੀਆਂ ਲੈਣ ਤੋਂ ਬਾਅਦ ਇਸ ਭਾਗ ਦਾ ਹੀ ਗਾਇਨ ਕੀਤਾ ਜਾਂਦਾ ਹੈ। ਸਥਾਈ ਗੀਤ ਦਾ ਧੁਰਾ ਜਾਂ ਧਰੁਵ ਹੈ। ਕਈ ਵਿਦਵਾਨਾਂ ਨੇ ਧਰੁਵ ਦੇ ਧਾਰਣੀ ਨੂੰ ਹੀ ਧਰੁਪਦ ਦਾ ਨਾਮ ਦਿੱਤਾ ਹੈ। ਧਰੁਪਦ ਦੇ ਇਸ ਭਾਗ ਦਾ ਚਲਨ ਮੰਦਰ ਸਪਤਕ ਦੇ ਸੜਜ ਤੋਂ ਮੱਧ ਸਪਤਕ ਦੇ ਨਿਸ਼ਾਦ ਤੱਕ ਹੈ।ਕਈ ਵਿਦਵਾਨ ਤਾਰ ਸਪਤਕ ਦੀ ਵਰਤੋਂ ਵੀ ਮੰਨਦੇ ਹਨ ਪਰ ਇਸ ਵਿਚ ਮੱਤ ਭੇਦ ਹੈ।ਧਰੁਪਦ ਦੇ ਪਹਿਲੇ ਚਰਣ ਤੋਂ ਬਾਅਦ ਅੰਤਰਾ ਦਾ ਗਾਇਨ ਕੀਤਾ ਜਾਂਦਾ ਹੈ।ਅੰਤਰਾ ਆਮ ਤੌਰ ॥ਤੇ ਗੰਧਾਰ, ਮੱਧਮ ਜਾਂ ਪੰਚਮ ਸੁਰ ਤੋਂ ਸ਼ੁਰੂ ਕੀਤਾ ਜਾਂਦਾ ਹੈ ਅਤੇ ਇਸਦਾ ਅੰਤ ਮੱਧ ਸ਼ੜਜ ਤੇ ਆ ਕੇ ਹੁੰਦਾ ਹੈ।ਸੰਚਾਰੀ ਚਰਣ ਦਾ ਗਾਇਨ ਜਿਆਦਾ ਮੰਦਰ ਅਤੇ ਮੱਧ ਸਪਤਕ ਵਿਚ ਰਹਿੰਦਾ ਹੈ। ਤਾਰ ਸਪਤਕ ਵਿਚ ਇਸਦਾ ਘੱਟ ਗਾਇਨ ਹੁੰਦਾ ਹੈ।ਇਸ ਭਾਗ ਵਿਚ ਕਲਾਤਮਿਕ ਫੇਰਾਂ ਨਾਲ ਸੁਰਾਂ ਦੀ ਵਰਤੋਂ ਹੁੰਦੀ ਹੈ ਅਤੇ ਗਮਕ, ਮੀਂਡ ਦਾ ਪ੍ਰਯੋਗ ਜਿਆਦਾ ਹੁੰਦਾ ਹੈ। ਆਭੋਗ ਜਾਂ ਧਰੁਪਦ ਦੇ ਚੌਥੇ ਭਾਗ ਦਾ ਚਲਨ ਅੰਤਰੇ ਦੀ ਤਰ੍ਹਾਂ ਹੁੰਦਾ ਹੈ।ਇਸ ਵਿਚ ਤਿੰਨਾਂ ਸਥਾਨਾਂ ਜਾਂ ਸਪਤਕ ਦੇ ਸੁਰਾਂ ਦੀ ਵਰਤੋਂ ਹੁੰਦੀ ਹੈ।ਇਸ ਵਿਚ ਗਾਇਕ ਆਪਣੀ ਸਹੂਲੀਅਤ, ਇੱਛਾ ਅਨੁਸਾਰ ਜਿੰਨੀ ਵੀ ਉਚਾਈ ਤੱਕ ਜਾ ਸਕਦਾ ਹੈ, ਉਥੋਂ ਦੇ ਸੁਰਾਂ ਦੀ ਵਰਤੋਂ ਕਰਦਾ ਹੈ। ਇਸ ਤਰ੍ਹਾਂ ਧਰੁਪਦ ਦੇ ਚਾਰੇ ਅੰਗਾਂ ਦਾ ਗਾਇਨ ਕਰਨ ਉਪਰੰਤ ਸਮਾਪਤੀ ਕੀਤੀ ਜਾਂਦੀ ਹੈ।

ਭਗਤ ਰਵਿਦਾਸ ਜੀ ਦੁਆਰਾ ਰਚਿਤ ਪਦ ਸ਼ੈਲੀ ਦ ਗਾਇਨ ਭਾਰਤੀ ਸੰਗੀਤ ਤੋਂ ਭਿੰਨ ਹੈ। ਇਹ ਗੁਰਮਤਿ ਸੰਗੀਤ ਪ੍ਰਬੰਧ ਅੰਤਰਗਤ ਸੰਕੇਤਿਕ ਨਿਯਮ(ਰਾਗ, ਰਹਾਓ, ਅੰਕ, ਘਰੁ ਆਦਿ) ਦੇ ਧਾਰਣੀ ਹਨ, ਜੋ ਇਸ ਰਚਨਾ ਦੇ ਗਾਇਨ ਲਈ ਵਿਵਹਾਰਕ ਰੂਪ ਵਿਚ ਸਹਾਈ ਹੁੰਦੇ ਹਨ। ਪਦੇ ਅਧੀਨ ਰਹਾਉ ਦੀ ਤੁਕ ਜਿਸ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ,ਧਰੁਪਦ ਸ਼ੈਲੀ ਵਿਚ ਇਸਨੂੰ ਧਰੁਵ ਦਾ ਨਾਮ ਦਿੱਤਾ ਗਿਆ ਹੈ।ਇਸਨੂੰ ਸ਼ਬਦ ਵਿਚ ਕੇਂਦਰ ਮੰਨ ਕੇ ਬਾਰ-ਬਾਰ ਗਾਉਣ ਦੀ ਪਰੰਪਰਾ ਹੈ।ਸ਼ਬਦ ਦੀਆਂ ਤੁਕਾਂ ਦੇ ਅੰਤ ਤੇ ੧,੨,੩ ਦੇ ਰੂਪ ਵਿਚ ਅੰਕ ਦਰਜ ਹਨ ਜੋ ਅੰਤਰਿਆਂ ਦੀ ਸੀਮਾ ਦਰਸਾਉਂਦੇ ਹਨ ਤਾਂ ਜੋ ਬਾਣੀ ਪ੍ਰਬੰਧ ਅਨੁਸਾਰ ਸਥਾਈ ਜਾਂ ਰਹਾਉ ਦੀ ਤੁਕ ਦਾ ਬਾਰ-ਬਾਰ ਗਾਇਨ ਹੋ ਸਕੇ।ਇਸੇ ਤਰ੍ਹਾਂ ਅੰਕ ਸ਼ਬਦ ਰਚਨਾ ਦੇ ਅੰਤਰਾ, ਸੰਚਾਰੀ, ਆਭੋਗ ਵਰਗੇ ਵਿਭਿੰਨ ਧਰੁਪਦ ਨਿਯਮਾਂ ਅਨੁਸਾਰ ਕਾਰਜਸ਼ੀਲ ਰਹਿੰਦੇ ਹਨ।ਭਗਤ ਰਵਿਦਾਸ ਬਾਣੀ ਵਿਚ ਸ਼ਬਦ ਦੀ ਪ੍ਰਧਾਨਤਾ ਅਤੇ ਬਾਣੀ ਦੇ ਨਿਵੇਕਲੇ ਸੰਗੀਤ ਪ੍ਰਬੰਧ ਕਰਕੇ ਧਰੁਪਦ ਗਾਇਨ ਦੇ ਇਨ੍ਹਾਂ ਸ਼ਾਸਤਰੀ ਨਿਯਮਾਂ ਤੋਂ ਖੁਲ੍ਹ ਵੀ ਲੈ ਲਈ ਜਾਂਦੀ ਹੈ। ਉਦਾਹਰਣ ਦੇ ਤੌਰ ॥ਤੇ ਦੁਪਦੇ, ਤਿਪਦੇ ਆਦਿ ਵਿਚ ਧਰੁਪਦ ਦੇ ਸਾਰੇ ਅੰਗ ਨਹੀਂ ਹਨ ਪਰ ਇਨ੍ਹਾਂ ਦਾ ਗਾਇਨ ਧਰੁਪਦ ਦੇ ਅੰਗ ਤੋਂ ਹੀ ਕੀਤਾ ਜਾਂਦਾ ਹੈ। ਭਗਤ ਰਵਿਦਾਸ ਬਾਣੀ ਦੀਆਂ ਪਦ ਰਚਨਾਵਾਂ ਨੂੰ ਧਰੁਪਦ ਅੰਗ

ਤੋਂ ਗਾਏ ਜਾਣ ਦੀ ਪਰੰਪਰਾ ਬਾਣੀ ਪ੍ਰਬੰਧ ਦੀ ਵਿਸ਼ਿਸ਼ਟਤਾ ਹੈ।

**ਆਰਤੀ:–** ਆਰਤੀ ਪੂਜਾ ਅਰਾਧਨਾ ਤੇ ਗੀਤ ਨੂੰ ਕਿਹਾ ਜਾਂਦਾ ਹੈ।8 ਆਰਤੀ ਭਾਰਤੀ ਲੋਕ ਧਰਮਾਂ ਦੀ ਪ੍ਰੱਸਿਧ ਰੀਤ ਹੈ ਜਿਸ ਅਧੀਨ ਥਾਲ ਵਿਚ ਧੂਪ,ਦੀਪ, ਚਵਰ, ਫੁੱਲ ਆਦਿ ਵਸਤਾਂ ਪਾ ਕੇ ਅਰਾਧਨਾਮਈ ਗੀਤਾਂ ਨਾਲ ਇਸ਼ਟ ਦੇਵ ਦੀ ਆਰਤੀ ਉਤਾਰੀ ਜਾਂਦੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਰਵਿਦਾਸ ਜੀ,ਧੰਨਾ ਅਤੇ ਸੈਣ ਜੀ ਦੀ ਰਾਗ ਧਨਾਸਰੀ ਅਤੇ ਭਗਤ ਕਬੀਰ ਜੀ ਦੀ ਰਾਗ ਪ੍ਰਭਾਤੀ ਅੰਤਰਗਤ ਅਰਤੀ ਦਰਜ ਹੈ। ਗੁਰਬਾਣੀ ਅਨੁਸਾਰ ਬਾਕੀ ਧਰਮਾਂ ਨਾਲੋਂ ਆਰਤੀ ਭਿੰਨ ਹੈ।ਇਸ ਵਿਚ ਸੰਸਾਰਿਕ ਵਸਤੂਆਂ ਦੀ ਥਾਂ ਬ੍ਰਹਿਮੰਡ ਵਿਚ ਹੋ ਰਹੀ ਪ੍ਰਮਾਤਮਾ ਦੀ ਆਰਤੀ ਦਾ ਚ੍ਰਿਤਣ ਹੈ।ਇਤਿਹਾਸ ਨੂੰ ਵਾਚਣ ਤੇ ਪਤਾ ਲਗਦਾ ਹੈ ਕਿ 1510-12 ਈਸਵੀ ਵਿਚ ਜਗਨਨਾਥਪੁਰੀ ਦੇ ਮੰਦਰ ਵਿਚ ਹੋ ਰਹੀ ਆਰਤੀ ਨੂੰ ਪਾਖੰਡ ਮੰਨਦਿਆਂ ਹੋਇਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰਤੀ ਦੀ ਰਚਨਾ ਕੀਤੀ।9 ਭਗਤ ਰਵਿਦਾਸ ਜੀ ਨੇ ਵੀ ਸੰਸਾਰਿਕ ਆਰਤੀ ਦਾ ਖੰਡਨ ਕਰਦੇ ਹੋਏ ਨਾਮ ਸਿਮਰਨ ਤੇ ਹੀ ਜੋਰ ਦਿੱਤਾ ਹੈ।

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥

......................................

ਕਹੈ ਰਵਿਦਾਸ ਨਾਮੁ ਤੇਰੋ ਆਰਤੀ

ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥ (ਆਦਿ ਗ੍ਰੰਥ,ਪੰਨਾ 694)

ਉਨ੍ਹਾਂ ਅਨੁਸਾਰ ਆਰਤੀ ਦੀ ਸਮੱਗਰੀ ਨਾਮ ਹੀ ਹੈ। ਆਰਤੀ ਨਾਲ ਸੰਬੰਧਿਤ ਕਿਰਿਆ ਕਰਮ ਸਭ ਕੁੱਝ ਨਾਮ ਹੀ ਹੈ।ਨਾਮ ਸਿਮਰਨ ਭਾਵ ਨਾਮ ਜਪਣਾ ਹੀ ਆਰਤੀ ਹੈ। ਸਿੱਖ ਧਰਮ ਵਿਚ ਆਰਤੀ ਦੀ ਚੌਕੀ ਵਿਚ ਆਰਤੀ ਗਾਇਨ ਕਰਨ ਦੀ ਪਰੰਪਰਾ ਹੈ।

ਸਲੋਕ :- ਸਲੋਕ ਤੋਂ ਭਾਵ ਹੈ ਉਸਤਤਿ। ਭਗਤ ਰਵਿਦਾਸ ਜੀ ਨੇ ਬਾਣੀ ਰਚਨਾ ਲਈ ਮਲਾਰ ਰਾਗ ਅਧੀਨ ਸ਼ਲੋਕ ਸ਼ੈਲੀ ਦਾ ਪ੍ਰਯੋਗ ਕੀਤਾ।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥

ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥੨੪੨॥(ਆਦਿ ਗ੍ਰੰਥ, ਪੰਨਾ 1377)

ਗੁਰਮਤਿ ਸੰਗੀਤ ਵਿਚ ਸ਼ਲੋਕ ਸ਼ੈਲੀ ਦਾ ਨਿੱਬਧ ਅਤੇ ਅਨਿਬੱਧ ਦੋਨੋਂ ਰੂਪਾਂ ਵਿਚ ਗਾਇਨ ਕੀਤਾ ਜਾਂਦਾ ਹੈ।ਕੀਰਤਨ ਚੌਕੀਆਂ ਵਿਚ ਕੀਰਤਨ ਦੀ ਪ੍ਰਸਤੁਤੀ ਲਈ ਸਭ ਤੋਂ ਪਹਿਲਾਂ ਸੰਗੀਤਮਈ ਮਾਹੌਲ ਪੈਦਾ ਕਰਨ ਲਈ ਸਾਜਿੰਦਾ ਵਲੋਂ ਸ਼ਾਨ ਜਾਂ ਲਹਿਰਾ ਵਜਾਇਆ ਜਾਂਦਾ ਹੈ ਜੋ ਭਾਰਤੀ ਸੰਗੀਤ ਵਿਚ ਨਗਮਾ ਦੇ ਨਾਮ ਤੋਂ ਪ੍ਰਸਿੱਧ ਹੈ।ਇਸ ਤੋਂ ਉਪਰੰਤ ਬੰਦਨਾ ਜਾਂ ਮੰਗਲਾਚਰਨ ਦੇ ਤੌਰ ॥ਤੇ ਕਿਸੀ ਸਲੋਕ ਜਾਂ ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਸ਼ਲੋਕ ਜਾਂ ਸ਼ਬਦ ਦਾ ਸਮੇਂ ਅਨੁਸਾਰ ਨਿਰਧਾਰਤ ਰਾਗ ਵਿਚ ਵਿਲੰਬਿਤ ਖਿਆਲ ਜਾਂ ਧਰੁਪਦ ਅੰਗ ਤੋਂ ਗਾਇਨ ਕੀਤਾ ਜਾਂਦਾ ਹੈ।ਖਿਆਲ ਅੰਗ ਤੋਂ ਸ਼ਲੋਕ/ਸ਼ਬਦ ਦਾ ਗਾਇਨ ਏਕ ਤਾਲ, ਤੀਨ ਤਾਲ ਵਿਚ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਬਾਣੀ ਪ੍ਰਧਾਨ ਦੇ ਉਦੇਸ਼ ਨੂੰ ਮੁੱਖ ਰੱਖਦੇ ਹੋਏ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਵਿਲਿੰਬਤ ਖਿਆਲ ਦੀ ਤਰ੍ਹਾਂ ਵਿਸਤਾਰ ਨਹੀਂ ਕੀਤਾ ਜਾਂਦਾ। ਸ਼ਲੋਕ ਦਾ ਗਾਇਨ ਚਾਰ ਤਾਲ, ਸੂਲਫਾਖਤਾ ਵਿਚ ਵੀ ਕੀਤਾ ਜਾਂਦਾ ਹੈ ਜੋ ਧਰੁਪਦ ਅੰਗ ॥ਤੇ ਆਧਾਰਿਤ ਹੈ। ਬੰਦਨਾਂ ਤੋਂ ਬਾਅਦ ਸਮੇਂ ਨਾਲ ਸੰਬੰਧਿਤ ਰਾਗਾਂ ਵਿਚ ਹੋਰ ਸ਼ਬਦਾਂ ਦਾ ਗਾਇਨ ਵਿਭਿੰਨ ਸ਼ੈਲੀਆਂ ਅੰਤਰਗਤ ਗਾਇਨ ਕਰਨ ਦੀ ਪ੍ਰਥਾ ਹੈ। ਅਧਿਆਤਮਕ ਬੋਧ ਅਤੇ ਅਧਿਆਤਮਕ ਆਨੰਦ ਪ੍ਰਾਪਤੀ ਦੇ ਉਦੇਸ਼ ਨੂੰ ਖਿਆਲ ਵਿਚ ਰਖਦੇ ਹੋਏ ਬਾਣੀ ਦੇ ਅਰਥਾਂ ਨੂੰ ਸਮਝਣ ਲਈ ਬਾਣੀ ਪ੍ਰਸਤੁਤੀ ਦੌਰਾਨ

ਢੁਕਵੇਂ ਸ਼ਲੋਕ ਦਾ ਗਾਇਨ ਆਲਾਪ ਦੇ ਤੌਰ ॥ਤੇ ਅਨਿਬੱਧ ਰੂਪ ਵਿਚ ਗਾਇਨ ਕੀਤਾ ਜਾਂਦਾ ਹੈ।

ਭਗਤ ਰਵਿਦਾਸ ਜੀ ਨੇ ਧੁਰ ਦੀ ਬਾਣੀ ਨੂੰ ਸੰਚਾਰਿਤ ਕਰਨ ਲਈ ਕਾਵਿ ਦਾ ਪ੍ਰਯੋਗ ਕੀਤਾ ਉਥੇ ਬਾਣੀ ਦੇ ਭਾਵ ਪ੍ਰਗਟ ਕਰਨ ਲਈ ਸੰਗੀਤ ਦਾ ਵਿਸ਼ੇਸ਼ ਉੱਤਮ ਸੰਗੀਤ ਪ੍ਰਬੰਧ ਸਹਿਤ ਭਰਪੂਰ ਪ੍ਰਯੋਗ ਕੀਤਾ ਅਤੇ ਵਿਵਹਾਰਕ ਤੌਰ ॥ਤੇ ਦ੍ਰਿੜਤਾ ਨਾਲ ਪ੍ਰਚਾਰ ਕੀਤਾ।


1 ਬ੍ਰਹਮ ਜਗਦੀਸ਼ ਸਿੰਘ, ਭਗਤ ਬਾਣੀ ਚਿੰਤਨ ਤੇ ਕਲਾ, ਪੰਨਾ 75

2 ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ), ਪੰਨਾ 30

3 ਗੁਰੂ ਛੰਦ ਦਿਵਾਕਰ, ਪੰਨਾ 43

4 ਵਿਜੇ ਚੰਦੋਰਕਰ ਨਿੱਬਧ ਤਥਾ ਅਨਿਬੱਧ ਗਾਨ, ਪ੍ਰਬੰਧ ਬੈਲੀ ਦਾ ਵਿਕਾਸ, ਪੰਨਾ45

5 ਬੰਧੋਪਾਧਿਆਇ, ਸ੍ਰੀ ਪਦ, ਸੰਗੀਤ ਭਾਸ਼ਯ, ਪੰਨਾ 206

6 ਚੌਧਰੀ, ਵਿਮਲਾਕਾਂਤ ਰਾਏ, ਭਾਰਤੀਯ ਸੰਗੀਤ ਕੋਸ਼, ਪੰਨਾ 70

7 ਮਹਾਨ ਕੋਸ਼, ਪੰਨਾ 740

8 ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਵਿਕਾਸ, ਪੰਨਾ 89

9 ਪਦਮ,ਪਿਆਰਾ ਸਿੰਘ, ਆਦਿ ਗ੍ਰੰਥ ਦਾ ਸੰਗੀਤ ਪ੍ਰਬੰਧ, ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ।


---


' ਐਸੋਸੀਏਟ ਪ੍ਰੋਫੈਸਰ, ਸੰਗੀਤ ਵਿਭਾਗ, ਸਰਕਾਰੀ ਕਾਲਜ, ਰੂਪਨਗਰ।



Hot millions ®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/-)

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

# ਬਾਣੀ ਜਪੁਜੀ ਦੇ ਪਰਮਾਰਥੀ ਸਿਧਾਂਤਾਂ ਦਾ ਅਧਿਐਨ

## ਡਾ. ਜਸਕਿਰਨ ਕੌਰ

ਬਾਣੀ ਜਪੁਜੀ ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਰਚਨਾ ਹੀ ਨਹੀਂ, ਸਗੋਂ ਵਿਸ਼ਵ ਦੇ ਰੂਹਾਨੀ ਸਾਹਿਤ ਦੀ ਸਰਬੋਤਮ ਰਚਨਾ ਹੈ । ਆਦਿ ਗ੍ਰੰਥ ਦੇ ਸੰਪਾਦਨ ਵੇਲੇ ਗੁਰੂ ਅਰਜਨ ਦੇਵ ਜੀ ਨੇ ਇਸ ਰਚਨਾ ਨੂੰ ਆਰੰਭ ਵਿੱਚ ਰੱਖ ਕੇ ਇਸਦੇ ਸਰਵਸ੍ਰੇਸ਼ਠ ਹੋਣ ਦੀ ਮੋਹਰ ਲਗਾ ਦਿੱਤੀ ਹੈ । ਆਕਾਰ ਵਜੋਂ 38 ਪਉੜੀਆਂ ਅਤੇ 2 ਸਲੋਕਾਂ ਵਾਲੀ ਇਹ ਰਚਨਾ ਸੂਤਰਮਈ ਹੈ ਜਿਸ ਵਿੱਚ ਸਿੱਖ ਰੂਹਾਨੀਅਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਾਰ ਤੱਥ ਸਮੋਇਆ ਹੋਇਆ ਹੈ । ਬਾਣੀ ਜਪੁਜੀ ਵਿੱਚ ਜੀਵ ਆਤਮਾ ਨੂੰ ਨਾਮ ਸਿਮਰਨ ਰਾਹੀਂ ਪ੍ਰਭੂ ਦੇ ਦਰ ਉੱਤੇ ਜਾਣ ਅਤੇ ਉਸਦੀ ਮਿਹਰ ਦਾ ਪਾਤਰ ਬਣਨ ਦੀ ਪ੍ਰੇਰਨਾ ਦਿੱਤੀ ਗਈ ਹੈ । ਜਪੁਜੀ ਗੁਰੂ ਨਾਨਕ ਦੇਵ ਜੀ ਦੇ ਪ੍ਰੌੜ ਅਨੁਭਵ ਦੀ ਗੰਭੀਰ ਦਾਰਸ਼ਨਿਕ ਰਚਨਾ ਹੈ । ਇਹ ਗੁਰੂ ਸਾਹਿਬ ਦੇ ਸੂਖਮ ਚਿੰਤਨ, ਆਤਮਸ਼ੀਲਤਾ ਅਤੇ ਉੱਚੇ ਕਾਵਿਕ ਪ੍ਰਗਟਾਵੇ ਦਾ ਸੁਮੇਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੂਲ ਵਿਚਾਰਧਾਰਾ ਦਾ ਬਾਣੀ ਜਪੁਜੀ ਕੇਂਦਰ ਬਿੰਦੂ ਹੈ ।

ਜਪੁਜੀ ਵਿੱਚ ਰੱਬ ਨੂੰ ਪ੍ਰੇਮ ਕਰਨ ਤੇ ਉਸ ਨਾਲ ਇੱਕਸੁਰ ਹੋਣ ਦੀ ਅਸਲੀ ਸਮੱਸਿਆ ਨੂੰ ਮੁੱਖ ਰੱਖਿਆ ਗਿਆ ਹੈ । ਇਸਦਾ ਵਿਸ਼ਾ ਵਸਤੂ ਧਰਮ ਤੋਂ ਵਿਛੜੇ ਹੋਏ ਜੀਵ ਨੂੰ ਸੇਵਾ ਸਾਧਨਾ ਤੇ ਨਾਮ ਸਿਮਰਨ ਰਾਹੀਂ ਪ੍ਰਭੂ ਦੇ ਪਿਆਰ ਦਾ ਪਾਤਰ ਬਣਾਉਣਾ ਹੈ । ਸਰਵ ਸਮਰੱਥ ਅਕਾਲ ਮੂਰਤ ਸਿਰਜਣਹਾਰ ਪ੍ਰਭੂ ਨੇ ਸਾਰਾ ਬ੍ਰਹਿਮੰਡ ਸਿਰਜਿਆ ਹੈ ਤੇ ਮਨੁੱਖ ਉਸੇ ਬ੍ਰਹਿਮੰਡ ਦਾ ਇੱਕ ਅੰਸ਼ ਮਾਤਰ ਹੈ । ਕਾਲ, ਕੂੜ ਤੇ ਹਉਮੈ ਦੀਆਂ ਤੁਛ ਭਾਵਨਾਵਾਂ ਨੇ ਜੀਵ ਤੇ ਪ੍ਰਮਾਤਮਾ ਦੇ ਵਿਚਾਲੇ ਇੱਕ ਵਿੱਥ ਪੈਦਾ ਕਰ ਦਿੱਤੀ ਹੈ । ਇਸ ਵਿੱਥ ਤੋਂ ਉਤਪੰਨ ਹੋਏ ਵਿਛੋੜੇ ਕਾਰਨ ਜੀਵ ਮਾਇਆ ਵਿੱਚ ਭਟਕ ਰਿਹਾ ਹੈ । ਆਪਣੇ ਆਪ ਨੂੰ ਭਟਕਣ ਤੋਂ ਬਚਾਉਣ ਲਈ ਉਹ ਕਈ ਪ੍ਰਕਾਰ ਦੇ ਕਰਮਕਾਂਡਾਂ ਦਾ ਸਹਾਰਾ ਵੀ ਲੱਭਦਾ ਹੈ । ਗੁਰਮਤਿ ਅਨੁਸਾਰ ਮਨ ਜੋਤ ਸਰੂਪ ਹੈ ਜਿਸ ਉੱਤੇ ਮਾਇਆ ਦੀ ਪਰਤ ਚੜ੍ਹੀ ਹੋਈ ਹੈ । ਜਿਸ ਕਰਕੇ ਉਹ ਆਪਣੇ ਅਗਲੇ ਨੂੰ ਪਛਾਣਨ ਤੋਂ ਇਨਕਾਰੀ ਹੈ ਅਤੇ ਇਹ ਸਾਰੇ ਪਦਾਰਥ ਉਸਨੂੰ ਪ੍ਰਭੂ ਵਾਲੇ ਪਾਸੇ ਤੋਂ ਭਟਕਾਉਂਦੇ ਹਨ ਤੇ ਉਹ ਆਪਣੇ ਮਨ ਨੂੰ ਸ਼ੁੱਧ ਕਰਨ ਵਾਸਤੇ ਤੀਰਥਾਂ ਤੇ ਜਾਂਦਾ ਹੈ ਜਾਂ ਫਿਰ ਦੁਨਿਆਵੀ ਪਦਾਰਥਾਂ ਰਾਹੀਂ ਆਪਣੇ ਮਨ ਦੀ ਤ੍ਰਿਪਤੀ ਨੂੰ ਪੂਰਾ ਕਰਨਾ ਲੋਚਦਾ ਹੈ ਤੇ ਕਈ ਪ੍ਰਕਾਰ ਦੇ ਵਰਤ ਰੱਖ ਕੇ, ਸਮਾਧੀਆਂ ਲਾ ਕੇ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ । ਕਈ ਜੀਵ ਧਾਰਮਿਕ ਗ੍ਰੰਥਾਂ ਦਾ ਗਿਆਨ ਹਾਸਿਲ ਕਰਕੇ ਬਹੁਤ ਹੀ ਸਿਆਣਪ ਗ੍ਰਹਿਣ ਕਰਕੇ ਮਨ ਨੂੰ ਜਿੱਤਣਾ ਚਾਹੁੰਦੇ ਹਨ ਪਰ ਗੁਰੂ ਸਾਹਿਬ ਕਹਿੰਦੇ ਹਨ ਕਿ ਅਜਿਹੇ ਸਾਧਨਾਂ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ । ਅਜਿਹੇ ਕਰਮਕਾਂਡਾਂ ਨਾਲ ਜੀਵ ਦੇ ਅੰਦਰ ਪੈਦਾ ਹੋਈ ਹਉਮੈ ਦੀ ਭਾਵਨਾ ਨਹੀਂ ਮਿਟਦੀ ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੇ ਆਰੰਭ ਵਿੱਚ ਹੀ ਇਹਨਾਂ ਵਿਚਾਰਾਂ ਦੀ ਬੇਅਰਥਤਾ ਦਾ ਜ਼ਿਕਰ ਕਰਕੇ ਇਹਨਾ ਨੂੰ ਅਪ੍ਰਵਾਨ ਕਰ ਦਿੱਤਾ ਹੈ :-

ਸੋਚੈ ਸੋਚ ਨ ਹੋਵਈ ਜੇ ਸੋਚੀ ਲਖ ਵਾਰ॥ ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1)

ਜਪੁਜੀ ਦੀ ਪਹਿਲੀ ਪਉੜੀ ਵਿਚ ਗੁਰੂ ਸਾਹਿਬ ਨੇ ਇਕ ਪ੍ਰਸ਼ਨ ਪੇਸ਼ ਕੀਤਾ ਹੈ । 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਭਾਵ ਇਹ ਕਿ ਕਿਸ ਤਰ੍ਹਾਂ ਸਚਿਆਰ ਬਣੀਏ ਤੇ ਕੂੜ ਦੀ ਕੰਧ ਕਿਵੇਂ ਟੁੱਟ ਜਾਵੇ, ਜੋ ਜੀਵ ਤੇ ਪਰਮਾਤਮਾ ਦੇ ਵਿਚਾਲੇ ਵਿੱਥ ਪਾ ਰਹੀ ਹੈ । ਨਾਲ ਹੀ ਇਸ ਦਾ ਉੱਤਰ ਦਿੱਤਾ ਹੈ ਕਿ ਪਰਮੇਸ਼ਰ ਦੇ ਉਸ ਹੁਕਮ ਅਨੁਸਾਰ ਚਲ ਕੇ ਜੋ ਉਸ ਨੇ ਜੀਵ ਦੇ ਨਾਲ ਲਿਖ ਦਿੱਤਾ ਹੈ, ਸਚਿਆਰ ਬਣੀਦਾ ਹੈ । ਹੁਕਮ ਦੀ ਪਛਾਣ ਹੀ ਇਸ ਬੰਦ ਖਲਾਸੀ ਦਾ ਕੇਂਦਰੀ ਨੁਕਤਾ ਹੈ :-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1)

ਪ੍ਰਮਾਤਮਾ ਦਾ ਹੁਕਮ ਜਾਂ ਭਾਣਾ ਮੰਨਣ ਨਾਲ ਹੀ ਮਨੁੱਖ ਦੇ ਅੰਦਰੋਂ ਝੂਠ ਦੀ ਦੀਵਾਰ ਟੁੱਟ ਸਕਦੀ ਹੈ ਤੇ ਉਹ ਸਚਿਆਰਾ ਬਣ ਸਕਦਾ ਹੈ । ਪਹਿਲੀ ਪਉੜੀ ਵਿਚ ਸਚਿਆਰ ਦਾ ਭਾਵ ਇਹ ਹੈ ਕਿ ਉਹ ਸੱਚਾ ਪੁਰਖ ਜੋ ਕੂੜ ਦੀ ਪਾਲ ਟੁੱਟਣ ਭਾਵ ਹਉਮੈ ਦੂਰ ਹੋਣ ਨਾਲ ਸਤਿਸਰੂਪ ਨੂੰ ਪ੍ਰਾਪਤ ਹੋ ਜਾਵੇ । ਮਨੁੱਖ ਆਪਣੇ ਕੇਂਦਰ (ਰੱਬ) ਨਾਲ ਜੁੜ ਕੇ ਸ੍ਰਿਸ਼ਟੀ ਦੀ ਚੱਲ ਰਹੀ ਕਾਰ ਅਨੁਸਾਰ ਉਸਦੇ ਹੁਕਮ ਵਿੱਚ ਚੱਲੇ ਤੇ ਕੁਦਰਤ ਦੇ ਕਾਨੂੰਨ ਅਨੁਸਾਰ ਜੀਵਨ ਬਤੀਤ ਕਰੇ । ਗੁਰੂ ਸਾਹਿਬ ਅਨੁਸਾਰ ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿ ਕੇ ਅਤੇ ਗੁਰੂ ਦੀ ਸਹਾਇਤਾ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਪ੍ਰਭੂ ਦਾ ਹੁਕਮ ਮੰਨਣ ਨਾਲ ਉਸਦੇ ਅੰਦਰੋਂ ਹਉਮੈ ਮਿਟ ਸਕਦੀ ਹੈ । ਹਉਮੈ ਨੂੰ ਇਸੇ ਲਈ ਹੀ ਨਿੰਦਿਆ ਗਿਆ ਹੈ ਕਿਉਂਕਿ ਇਹ ਹੁਕਮ ਦਾ ਵਿਰੋਧੀ ਹੈ । ਹਉਮੈ ਵਾਲਾ ਮਨੁੱਖ ਆਪਣੇ ਆਪ ਨੂੰ ਉੱਤਮ ਤੇ ਵਿਸ਼ੇਸ਼ ਸਮਝਦਾ ਹੈ ਤੇ ਦੂਜੇ ਨੂੰ ਘਟੀਆ ਤੇ ਨੀਵਾਂ ਮੰਨ ਕੇ ਨਫ਼ਰਤ ਕਰਦਾ ਹੈ । ਇਸ ਲਈ ਕੋਈ ਵੀ ਪ੍ਰਭੂ ਦਾ ਭਗਤ ਜਾਂ ਮਾਨਵ ਪ੍ਰੇਮੀ ਹਉਮੈ ਨੂੰ ਚੰਗਾ ਨਹੀਂ ਸਮਝਦਾ :-

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1)

ਗੁਰੂ ਸਾਹਿਬ ਨੇ ਹੰਕਾਰ ਨੂੰ ਇੱਕ ਰੋਗ ਵੀ ਦੱਸਿਆ ਹੈ ਤੇ ਇਸਦਾ ਦਾਰੂ ਵੀ ਦੱਸਿਆ ਹੈ ਕਿ ਹਉਮੈ ਦੇ ਰੋਗ ਤੋਂ ਬਚਣ ਲਈ ਅਤੇ ਪ੍ਰਭੂ ਦੇ ਦਰ ਨਾਲ ਜੁੜਨ ਲਈ, ਉਸਦਾ ਦੀਦਾਰ ਪ੍ਰਾਪਤ ਕਰਨ ਲਈ ਹਉਮੈ ਨੂੰ ਤਿਆਗ ਦੇਣਾ ਚਾਹੀਦਾ ਹੈ ਅਤੇ ਚੰਗੇ ਧਰਮ ਕਰਮ ਨਾਲ ਹੀ ਪ੍ਰਮਾਤਮਾ ਦੇ ਪਿਆਰ ਦਾ ਕੇਂਦਰ ਬਣਿਆ ਜਾ ਸਕਦਾ ਹੈ । ਇਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਫਿਰ ਪ੍ਰਸ਼ਨ ਉਠਾਇਆ ਹੈ ਕਿ ਪ੍ਰਮਾਤਮਾ ਦੇ ਦਰਬਾਰ ਦੇ ਦਰਸ਼ਨ ਕਰਨ ਲਈ ਕੀ ਕਰਨਾ ਚਾਹੀਦਾ ਹੈ :-

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-2)

ਗੁਰੂ ਸਾਹਿਬ ਨੇ ਆਪ ਹੀ ਰਸਤਾ ਦੱਸ ਦਿੱਤਾ ਹੈ ਕਿ ਕਿਸ ਤਰ੍ਹਾਂ ਪ੍ਰਮਾਤਮਾ ਦੇ ਦੀਦਾਰ ਹੋ ਸਕਦੇ ਹਨ :-

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-2)

ਇਉਂ ਪ੍ਰਭੂ ਦੇ ਗੁਣਾਂ ਦੇ ਖਜ਼ਾਨੇ ਦੀਆਂ ਵਡਿਆਈਆਂ ਗਾਉਣ ਨਾਲ ਹੀ ਮਨੁੱਖ ਉਸ ਸਰਵ ਸ਼ਕਤੀਮਾਨ ਤੇ ਗੁਣਾਂ ਦੇ ਧਾਰਨੀ ਮਿਹਰਬਾਨ ਪ੍ਰਮਾਤਮਾ ਦੀ ਮਿਹਰ ਦਾ ਪਾਤਰ ਬਣ ਸਕਦਾ ਹੈ । ਇੱਥੇ ਫਿਰ ਗੁਰੂ ਸਾਹਿਬ ਨੇ ਪ੍ਰਸ਼ਨ ਉਠਾਇਆ ਹੈ ਕਿ ਜੇ ਗੁਣ ਧਾਰਨ ਕਰਨ ਜਾਂ ਚੰਗੇ ਕਰਮਾਂ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ ਤਾਂ ਫਿਰ ਨਦਰਿ ਕਿਰਪਾ ਜਾਂ ਮਿਹਰ ਦੀ ਲੋੜ ਕਿਉਂ ਹੈ ? ਗੁਰੂ ਜੀ ਨੇ ਜਪੁਜੀ ਵਿੱਚ ਇਸ ਵਿਚਾਰ ਨੂੰ ਵੀ ਸਪੱਸ਼ਟ ਕਰਦਿਆ ਲਿਖਿਆ ਹੈ ਕਿ :-

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-2)

ਇਸ ਤਰ੍ਹਾਂ ਗੁਣ ਧਾਰਨ ਕਰਨ ਦੇ ਅਹਿਸਾਸ ਨਾਲ ਮਨੁੱਖ ਵਿੱਚ ਹਉਮੈ ਆ ਜਾਂਦਾ ਹੈ ਜੋ ਦੂਰ ਕਰਨਾ ਬਹੁਤ ਜ਼ਰੂਰੀ ਹੈ । ਇਸ ਲਈ ਰੱਬ ਦੇ ਦਰ ਤੇ ਪ੍ਰਵਾਨ ਚੜ੍ਹਨ ਲਈ ਉਸਦੀ ਮਿਹਰ ਜਰੂਰੀ ਦੱਸੀ ਜਾਂਦੀ ਹੈ। ਇਸ ਤਰ੍ਹਾਂ ਹੀ ਪ੍ਰਭੂ ਦੇ ਪ੍ਰੇਮ ਦਾ ਪਾਤਰ ਬਣਿਆ ਜਾ ਸਕਦਾ ਹੈ ।

ਜਪੁਜੀ ਦੇ ਆਰੰਭ ਵਿੱਚ ਪ੍ਰਭੂ ਪ੍ਰਾਪਤੀ ਗੁਰ ਪ੍ਰਸਾਦਿ ਨਾਲ ਦੱਸੀ ਗਈ ਹੈ । ਗੁਰੂ ਸੰਪੂਰਨ ਮਨੁੱਖ ਹੈ ਅਤੇ ਆਦਰਸ਼ ਨਾਲ ਜੁੜਿਆ ਹੋਇਆ ਹੈ, ਜਿਸ ਦੁਆਰਾ ਅਸੀ ਪ੍ਰਭੂ ਦੇ ਰਾਹ ਤੇ ਚੱਲ ਕੇ ਸਹੀ ਜੀਵਨ ਮਾਰਗ ਪ੍ਰਾਪਤ ਕਰ ਸਕਦੇ ਹਾਂ :-

(ੳ) ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ

(ਅ) ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-2)

ਗੁਰੂ ਨਾਨਕ ਦਾ ਵਿਚਾਰ ਹੈ ਕਿ ਜੋ ਕੁੱਝ ਪ੍ਰਮਾਤਮਾ ਨੇ ਰਚਿਆ ਹੈ, ਉਹ ਕੇਵਲ ਉਸ ਦਾ ਆਪਣਾ ਨਾਮ ਹੀ ਹੈ ਅਤੇ ਉਸ ਤੋਂ ਬਿਨ੍ਹਾਂ ਕਿਸੇ ਦੀ ਕੋਈ ਹਸਤੀ ਨਹੀਂ :-

ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-4)

ਜਦੋਂ ਮਨ ਅੰਦਰ ਦੈਵੀ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ ਤਾਂ ਮਨੁੱਖ ਦੀ ਬੁੱਧੀ ਨਿਰਮਲ ਤੇ ਸੁਚੇਤ ਹੋ ਜਾਂਦੀ ਹੈ :-

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-2)

ਗੁਰੂ ਦੀ ਸਿੱਖਿਆ ਸੁਣਨ ਤੇ ਮੰਨਣ ਨਾਲ ਜਿੱਥੇ ਆਤਮਿਕ ਅਵਸਥਾ ਉੱਚੀ ਤੇ ਸੁੱਚੀ ਹੁੰਦੀ ਹੈ ਉੱਥੇ ਮਨੁੱਖ ਨੂੰ ਪਰਉਪਕਾਰੀ ਬਣਾਉਣ ਦੇ ਨਾਲ-ਨਾਲ ਬੁੱਧੀ ਤੇ ਵਿਵੇਕ ਦਾ ਬਲ ਵੀ ਬਖਸ਼ਦੀ ਹੈ ਤੇ ਮਨੁੱਖ ਦਾ ਹਿਰਦਾ ਖੇੜੇ ਅਤੇ ਖੁਸ਼ੀਆਂ ਨਾਲ ਭਰਪੂਰ ਹੋ ਜਾਂਦਾ ਹੈ:-

ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-3)

ਇਹ ਅਜਿਹੀ ਉੱਚ ਅਵਸਥਾ ਹੈ ਜਿੱਥੇ ਪੁੱਜ ਕੇ ਮਨੁੱਖ ਨੂੰ ਬੜੇ ਸਤਿਕਾਰ ਨਾਲ ਪੰਚ ਦਾ ਦਰਜਾ ਮਿਲਦਾ ਹੈ ਇਸ ਦਰਜੇ ਤੇ ਪੁੱਜ ਕੇ ਮਨੁੱਖ ਦੀ ਲਿਵ ਗੁਰੂ ਸ਼ਬਦਾਂ ਨਾਲ ਜੁੜ ਜਾਂਦੀ ਹੈ :-

ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥

ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰ ਏਕੁ ਧਿਆਨੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-3)

ਪੰਚਾ ਦੀ ਆਤਮਿਕ ਅਵਸਥਾ ਬਹੁਤ ਉੱਚੀ ਤੇ ਸੁੱਚੀ ਹੋ ਜਾਂਦੀ ਹੈ । ਮਨੁੱਖ ਉਸ ਬੇਅੰਤ, ਆਪਾਰ, ਅਗੰਮ, ਅਗੋਚਰ ਪ੍ਰਭੂ ਦਾ ਅੰਤ ਨਹੀਂ ਪਾ ਸਕਦਾ ਅਤੇ ਉਹੀ ਉਸਨੂੰ ਜਾਣ ਸਕਦਾ ਹੈ ਜਿਸ ਤੇ ਉਸ ਦੀ ਮਿਹਰ ਭਰੀ ਨਜ਼ਰ ਹੋਵੇ । ਗੁਰੂ ਨਾਨਕ ਸਾਹਿਬ ਨੇ ਸ਼ੁਭ ਕਰਮ ਦੀ ਕਸਵਟੀ ਉੱਤੇ ਪਰਮਸੱਤਾ ਦੀ ਇੱਛਾ ਜਾਂ ਰਜ਼ਾ ਨੂੰ ਸਵੀਕਾਰ ਕੀਤਾ ਹੈ । ਜੋ ਪ੍ਰਭੂ ਨੂੰ ਭਾਉਂਦਾ ਹੈ ਉਹੀ ਚੰਗਾ ਹੈ :-

ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-3)

ਗੁਰੂ ਜੀ ਨੇ ਇਸ ਰਚਨਾ ਵਿੱਚ 20ਵੀਂ ਪਉੜੀ ਤੋਂ 26ਵੀਂ ਪਉੜੀ ਤੱਕ ਸ੍ਰਿਸ਼ਟੀ ਦੀ ਅਨੰਤਤਾ ਤੇ ਬੇਅੰਤਤਾ ਦਾ ਯਕੀਨ ਦਿਵਾਉਣ ਦਾ ਸਪੱਸ਼ਟ ਉਪਰਾਲਾ ਕੀਤਾ ਹੈ ਅਤੇ 27ਵੀਂ ਪਉੜੀ ਵਿਚ ਫੇਰ ਸਾਰੇ ਬ੍ਰਹਿਮੰਡ ਨੂੰ ਉਸ ਪਰਮਾਤਮਾ ਦੇ ਹੁਕਮ ਅਨੁਸਾਰ ਆਪਣੇ ਕੇਂਦਰ ਦੁਆਲੇ ਘੁੰਮਦਾ ਦੱਸਿਆ ਹੈ ਅਤੇ ਜੀਵ ਨੂੰ ਅਕਾਲ ਪੁਰਖ ਦੀ ਉਸਤਤ ਕਰਨ ਦੀ ਸਿੱਖਿਆ ਦਿੱਤੀ ਹੈ । ਗੁਰੂ ਨਾਨਕ ਦੇਵ ਜੀ ਦਾ ਮਨ ਇੱਕ ਉੱਚ ਅਨੁਭਵੀ ਮਨ ਸੀ । ਉਹ ਇੱਕ ਨਿਰਮਲ ਬੁੱਧ ਤੇ ਸ਼ੁੱਧ ਹਿਰਦੇ ਵਾਲੇ ਉੱਚੇ ਕਵੀ ਤੇ ਚਿੰਤਕ ਸਨ । ਉਹ ਵਿਸਮਾਦ ਵਿੱਚ ਵਿਚਰਨ ਵਾਲੇ ਰਹੱਸਮਈ ਵੀ ਸਨ ਅਤੇ ਕੁਦਰਤ ਦੀ ਸੁੰਦਰਤਾ ਵਿਚੋਂ ਕਰਤਾ ਦੀ ਸੁੰਦਰਤਾ ਤਕਦੇ ਸਨ । ਜਦੋਂ ਗੁਰੂ ਜੀ ਦੀ ਜੋਗੀਆਂ ਨਾਲ ਮੁਲਾਕਾਤ ਹੋਈ ਤਾਂ ਉਹਨਾਂ ਨੇ ਕਰਮਕਾਂਡੀ ਜੀਵਨ ਦਾ ਅੰਤ ਕਰਕੇ ਜੀਵਨ ਦੇ ਸਿੱਧੇ ਰਾਹ ਪਾਇਆ ਅਤੇ ਕਿਹਾ ਕਿ ਮਨ ਨੂੰ ਜਿੱਤਣ ਦੇ ਨਾਲ ਹੀ ਮਨੁੱਖ ਸਭ ਕੁੱਝ ਪ੍ਰਾਪਤ ਕਰ ਸਕਦਾ ਹੈ ।

ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-6)

ਗੁਰੂ ਸਾਹਿਬ ਨੇ ਦੱਸਿਆ ਹੈ ਕਿ ਜੋਗੀ ਦਾ ਮਨੋਰਥ ਰਿੱਧੀਆਂ ਸਿੱਧੀਆਂ ਪ੍ਰਾਪਤ ਕਰਨਾ ਨਹੀਂ ਹੋਣਾ ਚਾਹੀਦਾ ਸਗੋਂ ਆਪਣੇ ਮਨ ਨੂੰ ਇੱਕ ਥਾਂ ਟਿਕਾ ਕੇ ਪ੍ਰਭੂ ਵਾਲੇ ਪਾਸੇ ਲਗਾਉਣਾ ਚਾਹੀਦਾ ਹੈ । ਜੋਗੀਆਂ ਨੂੰ ਸਬਰ ਸੰਤੋਖ ਭਰਿਆ ਜੀਵਨ ਬਤੀਤ ਕਰਨਾ ਚਾਹੀਦਾ ਹੈ ਅਤੇ ਆਪਣੇ ਮਨ ਨੂੰ ਵਿਸ਼ੇ ਵਿਕਾਰਾਂ ਤੋਂ ਹਟਾ ਕੇ ਪ੍ਰਭੂ ਵਾਲੇ ਪਾਸੇ ਲਗਾਉਣਾ ਚਾਹੀਦਾ ਹੈ ।

ਗੁਰੂ ਜੀ ਨੇ ਮਾਨਵਤਾ ਦਾ ਧਰਮ ਪ੍ਰਚਾਰਿਆ । ਉਨ੍ਹਾਂ ਅਨੁਸਾਰ ਮਾਨਵਤਾ ਹੀ ਧਰਮ ਹੈ । ਸਾਰੀ ਵਿਸ਼ਵ ਜਾਤੀ ਨੂੰ ਗਲਵਕੜੀ ਵਿੱਚ ਲੈਣਾ ਹੀ ਮਨੁੱਖ ਦਾ ਅਸਲੀ ਧਰਮ ਹੈ । ਦੂਜਿਆਂ ਨੂੰ ਨਿਖੇੜਨ ਵਾਲਾ ਧਰਮ ਮਾਨਵ ਧਰਮ ਜਾਂ ਵਿਸ਼ਵ ਦਾ ਧਰਮ ਨਹੀਂ ਬਣ ਸਕਦਾ। ਗੁਰੂ ਜੀ ਨੇ ਕਿਹਾ ਹੈ ਕਿ ਸਭ ਮਨੁੱਖਾਂ ਵਿੱਚ ਇੱਕੋ ਪ੍ਰਭੂ ਦੀ ਜੋਤ ਜਗਦੀ ਹੈ, ਇਸ ਲਈ ਕੋਈ ਉੱਚਾ ਜਾਂ ਨੀਵਾਂ ਕਿਵੇਂ ਹੋ ਸਕਦਾ ਹੈ :-

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ਨਾਨਕ ਉਤਮੁ ਨੀਚੁ ਨਾ ਕੋਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-7)

ਬਾਣੀ ਜਪੁਜੀ ਸਾਰੀਆਂ ਬਾਣੀਆਂ ਵਿੱਚ ਸ਼੍ਰੋਮਣੀ ਦਰਜਾ ਰੱਖਦੀ ਹੈ । ਗੁਰਮਤਿ ਦਾ ਸਾਰਾ ਮੂਲ ਮੰਤਰ ਗੁਰੂ ਸਾਹਿਬ ਨੇ ਇਸਦੇ ਆਰੰਭ ਵਿੱਚ ਹੀ ਦੇ ਦਿੱਤਾ ਹੈ । ਗੁਰੂ ਨਾਨਕ ਸਾਹਿਬ ਨੇ ਜਪੁਜੀ ਦੇ ਮੂਲ ਮੰਤਰ ਵਿੱਚ 'ਪਰਮਸੱਤਾ ਦੇ ਸੰਕਲਪ' ਦਾ ਨਿਰੂਪਣ ਕੀਤਾ ਹੈ :-

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1)

ਇਸ ਤੋਂ ਪਤਾ ਲੱਗਦਾ ਹੈ ਕਿ ਪ੍ਰਮਾਤਮਾ ਇੱਕ ਹੈ । ਉਸਨੇ ਹੀ ਸਾਰੀ ਸ੍ਰਿਸ਼ਟੀ ਦਾ ਨਿਰਮਾਣ ਕੀਤਾ ਹੈ । ਉਹ ਭੈਅ ਅਤੇ ਵੈਰ ਰਹਿਤ ਹੈ । ਉਹ ਨਾਸ਼ਵਾਨ ਨਹੀਂ । ਜੂਨੀਆਂ ਅੰਦਰ ਨਹੀਂ ਆਉਂਦਾ । ਉਸ ਨੂੰ ਗੁਰੂ ਦੀ ਮਿਹਰ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਬਾਣੀ ਜਪੁਜੀ ਵਿੱਚ ਗੁਰੂ ਸਾਹਿਬ ਨੇ ਜੀਵਨ ਦੇ ਹਰ ਇੱਕ ਪਹਿਲੂ ਤੇ ਵਿਚਾਰ ਕੀਤੀ ਹੈ। ਇਸ ਵਿੱਚ ਅਧਿਆਤਮਿਕ, ਦਾਰਸ਼ਨਿਕ, ਧਾਰਮਿਕ ਅਤੇ ਸਦਾਚਾਰਕ ਹਰ ਤਰ੍ਹਾਂ ਦੇ ਵਿਚਾਰ ਬਿਰਾਜਮਾਨ ਹਨ । ਗੁਰੂ ਸਾਹਿਬ ਅਨੁਸਾਰ :-

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1)

ਭਾਵ ਇਹ ਹੈ ਕਿ ਪ੍ਰਭੂ ਆਦਿ ਕਾਲ ਵਿੱਚ ਵੀ ਸੱਚ ਸੀ, ਹੁਣ ਵੀ ਸੱਚ ਹੈ ਅਤੇ ਹਮੇਸ਼ਾ ਸੱਚ ਹੀ ਰਹੇਗਾ । ਉਹ ਹਰ ਜੁਗ ਅੰਦਰ ਮੌਜੂਦ ਹੈ । 'ਸੱਚ' ਤੋਂ ਗੁਰੂ ਨਾਨਕ ਦਾ ਭਾਵ ਅਤਿ ਗੰਭੀਰ ਹੈ । ਗੁਰੂ ਨਾਨਕ ਦਾ ਸੱਚ ਦਾ ਸੰਕਲਪ ਦ੍ਰਿਸ਼ਟ ਅਤੇ ਅਦ੍ਰਿਸ਼ਟ ਬ੍ਰਹਿਮੰਡ ਦੀ ਹੋਂਦ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ । ਉਹ ਬ੍ਰਹਿਮੰਡ ਦੀ ਹੋਂਦ ਤੋਂ

ਪਹਿਲਾਂ ਵੀ ਮੌਜੂਦ ਸੀ ਅਤੇ ਆਪਣੇ ਸੱਚ ਸਰੂਪ ਵਿੱਚ ਸੁੰਨ-ਅਵਸਥਾ ਵਿੱਚ ਵਿਚਰ ਰਿਹਾ ਸੀ ।

ਮਨੁੱਖ ਨੂੰ ਪ੍ਰਭੂ ਵਾਲੇ ਪਾਸੇ ਆਪਣੀ ਬਿਰਤੀ ਲਗਾਉਣੀ ਚਾਹੀਦੀ ਹੈ, ਚੰਗੇ ਕਰਮ ਕਰਨੇ ਚਾਹੀਦੇ ਹਨ ਇਸ ਤਰ੍ਹਾਂ ਹੀ ਵਿਅਕਤੀ ਉੱਚਾ ਦਰਜਾ ਪ੍ਰਾਪਤ ਕਰ ਸਕਦਾ ਹੈ । ਉਹ ਪ੍ਰਮਾਤਮਾ ਇੱਕ ਅਜਿਹਾ ਸੱਚ ਹੈ ਜੋ ਹਮੇਸ਼ਾ ਕਾਇਮ ਰਹੇਗਾ ।

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥

ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-2)

ਭਾਵ ਚਾਰੇ ਜੁਗਾਂ ਅੰਦਰ ਉਸ ਤੋਂ ਸਿਵਾ ਕੋਈ ਹੋਰ ਦਿਖਾਈ ਨਹੀਂ ਦਿੰਦਾ । ਉਹ ਨੌ ਖੰਡਾਂ ਵਿੱਚ ਮੌਜੂਦ ਹੈ । ਉਹ ਸਭ ਦੇ ਨਾਲ ਰਹਿੰਦਾ ਹੈ ਅਤੇ ਸਾਰੇ ਸੰਸਾਰ ਨੂੰ ਰਿਜ਼ਕ ਦਿੰਦਾ ਹੈ ਉਸਦੀ ਮਿਹਰ ਹੋਣ ਨਾਲ ਹੀ ਵਿਅਕਤੀ ਨੂੰ ਵਡਿਆਈ ਮਿਲਦੀ ਹੈ ਤੇ ਉਸਦੀ ਮਿਹਰ ਤੋਂ ਬਿਨ੍ਹਾਂ ਵਿਅਕਤੀ ਨੂੰ ਕੋਈ ਪੁੱਛਦਾ ਤੱਕ ਨਹੀਂ । ਗੁਰੂ ਸਾਹਿਬ ਅਨੁਸਾਰ ਉਹ ਵਿਅਕਤੀ ਜਿਹੜਾ ਪ੍ਰਮਾਤਮਾ ਦਾ ਨਾਮ ਲੈਂਦਾ ਹੈ, ਹਮੇਸ਼ਾ ਖਿੜਿਆ ਰਹਿੰਦਾ ਹੈ । ਗੁਰੂ ਸਾਹਿਬ ਉਸ ਪ੍ਰਮਾਤਮਾ ਦਾ ਨਾਮ ਜਪਣ, ਉਸ ਨਾਲ ਮਨੋ ਪ੍ਰੇਮ ਕਰਨ ਤੇ ਸੱਚ ਦਾ ਮਾਰਗ ਅਪਣਾਉਣ ਤੇ ਜ਼ੋਰ ਦਿੰਦੇ ਹਨ । ਜਿਹੜੇ ਵਿਅਕਤੀ ਪ੍ਰਮਾਤਮਾ ਦਾ ਨਾਮ ਨਹੀਂ ਲੈਂਦੇ, ਉਹ ਵਿਅਕਤੀ ਇਸ ਸੰਸਾਰ ਤੇ ਭਾਰ ਹਨ ।

ਗੁਰੂ ਸਾਹਿਬ ਨੇ ਦੱਸਿਆ ਹੈ ਕਿ ਚਾਰ ਜੁਗ ਹਨ, ਨੌਂ ਖੰਡ ਹਨ ਅਤੇ ਇਹ ਸਾਰਾ ਪਸਾਰਾ ਉਸ ਪ੍ਰਮਾਤਮਾ ਦਾ ਬਣਾਇਆ ਹੋਇਆ ਹੈ ਜੋ ਇਸ ਸ੍ਰਿਸ਼ਟੀ ਨੂੰ ਰਚ ਦੇ ਉਸ ਅੰਦਰ ਖਚਿਤ ਨਹੀਂ ਹੁੰਦਾ । ਇਸ ਲਈ ਵਿਅਕਤੀ ਨੂੰ ਸੰਸਾਰਿਕ ਚੀਜਾਂ ਤੋਂ ਨਿਰਲੇਪ ਰਹਿ ਕੇ ਆਪਣੇ ਜੀਵਨ ਦਾ ਕਾਰ ਵਿਹਾਰ ਹੁਕਮ ਆਧਾਰੀ ਤੇ ਅਨੁਸਾਰੀ ਕਰਨਾ ਚਾਹੀਦਾ ਹੈ।

ਹੁਕਮ ਅਧੀਨ ਹੋਣ ਕਾਰਨ ਉਸ ਤੇ ਰੱਬੀ ਨਦਰਿ ਵੀ ਹੋ ਜਾਂਦੀ ਹੈ । ਧਰਮ ਖੰਡ, ਗਿਆਨ ਖੰਡ ਤੇ ਸਰਮ ਖੰਡ ਵਿਚੋਂ ਦੀ ਲੰਘਦਾ ਹੋਇਆ ਮਰਦਾਂ ਵਾਲੀ ਘਾਲ ਘਾਲਦਾ ਹੋਇਆ ਜਦੋਂ ਆਪਣੇ ਆਪ ਨੂੰ ਉਸ ਤੇ ਛੱਡ ਦਿੰਦਾ ਹੈ ਤਾਂ ਉਸ ਦੇ ਪੂਰਨ ਆਤਮ ਸਮਰਪਣ ਨੂੰ ਦੇਖ ਕੇ ਪਰਮਸੱਤਾ ਉਸ ਨੂੰ ਕਰਮ ਖੰਡ ਅਤੇ ਸੱਚ ਖੰਡ ਵਿਚ ਸਥਿਤ ਕਰ ਦਿੰਦੀ ਹੈ । ਇਸ ਮਨੁੱਖੀ ਨਿੱਜੀ ਘਾਲਣਾ ਦੁਆਰਾ ਗੁਰੂ ਨਾਨਕ ਦੇਵ ਜੀ ਨੇ ਪਵਿੱਤਰ ਜੀਵਨ ਬਿਤਾਉਣ ਦਾ ਉਪਦੇਸ਼ ਵੀ ਦਿੱਤਾ ਹੈ ਅਤੇ ਨਾਲ ਹੀ ਰੱਬੀ ਮਿਹਰ ਦੀ ਅਸਲੀਅਤ ਵੀ ਦਰਸਾਈ ਹੈ । ਅੰਤਲੀ ਪਉੜੀ ਵਿੱਚ ਮਨੁੱਖੀ ਮਿਹਨਤ ਤੇ ਦੈਵੀ ਨਦਰਿ ਨੂੰ ਸਾਹਮਣੇ ਰੱਖਿਆ ਹੈ ।

ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-8)

ਜਪੁਜੀ ਵਿੱਚ ਸਰਬੋਤਮ ਮਨੁੱਖੀ ਅਵਸਥਾ ਨੂੰ ਸਚਿਆਰ ਕਿਹਾ ਹੈ । ਸੋ ਪਰਮਸੱਤਾ ਦੇ ਸਰੂਪ (ਮੂਲ ਮੰਤਰ ਤੇ ਆਦਿ ਸਲੋਕ) ਤੋਂ ਆਰੰਭ ਕਰਕੇ 'ਜਪੁਜੀ' ਪੂਰਨ ਮਨੁੱਖ ਦੇ ਸਰੂਪ (ਅੰਤਲਾ ਸਲੋਕ) ਨਾਲ ਅੰਤ ਹੁੰਦੀ ਹੈ ਤੇ ਵਿਚਕਾਰਲੀਆਂ 38 ਪੌੜੀਆਂ ਵਿੱਚ 'ਸਚਿਆਰ' ਪਦ ਦੀ ਪ੍ਰਾਪਤੀ ਦੇ ਸਾਧਨ ਦੱਸੇ ਹਨ ਤੇ ਇਸੇ ਨੂੰ ਹੀ ਗੁਰੂ ਸਾਹਿਬ ਨੇ ਮਨੁੱਖੀ ਜੀਵਨ ਦਾ ਟੀਚਾ ਕਿਹਾ ਹੈ ।

ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਜਪੁਜੀ ਪੂਰੇ ਗੁਰਮਤਿ ਦਾ ਮੂਲ ਮੰਤਰ ਹੈ । ਸਾਰੇ ਗੁਰਮਤਿ ਵਿੱਚ ਪ੍ਰਭੂ ਦੀ ਮਹਿਮਾ ਉਸਨੂੰ ਪਾਉਣਾ, ਉਸ ਨਾਲ ਅਭੇਦਤਾ ਸਥਾਪਿਤ ਕਰਨਾ, ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਤੋਂ ਬਚਣਾ ਅਤੇ ਗੁਰੂ ਦੀ ਰਜ਼ਾ ਵਿੱਚ ਰਹਿਣਾ ਆਦਿ ਉਪਦੇਸ਼ ਦਿੱਤੇ ਗਏ ਹਨ ਤੇ ਬਾਣੀ ਜਪੁਜੀ ਦੇ ਸ਼ੁਰੂ ਵਿੱਚ ਹੀ ਇਸਦੇ ਮੂਲ ਮੰਤਰ ਰਾਹੀਂ ਗੁਰੂ ਨਾਨਕ ਸਾਹਿਬ ਨੇ ਸਭ ਕੁੱਝ ਸਮਝਾ ਦਿੱਤਾ ਹੈ । ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਰਚਨਾ ਜਪੁਜੀ ਪੰਜਾਬੀ ਜਗਤ ਦੀ ਇੱਕ ਸਾਹਕਾਰ ਰਚਨਾ

**ਪਿਛਲੇ ਅੰਕ ਦੀ ਬਾਕੀ**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ। ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼

ਭਾਈ ਕਰਮ ਸਿੰਘ ਜੀ ਨੇ ਕਾਨਪੁਰ ਰਹਿ ਕੇ ਬਹੁਤ ਸੁਰ ਅਭਿਆਸ ਕੀਤਾ ਅਤੇ ਵੱਡੇ ਵੱਡੇ ਸਿਆਣੇ ਸੰਗੀਤਕਾਰਾਂ ਨੂੰ ਸੁਣਿਆ ਅਤੇ ਉਨ੍ਹਾਂ ਤੋਂ ਸੰਗੀਤ ਦੀ ਸਿੱਖਿਆ ਲਈ । ਖਾਂ ਸਾਹਿਬ ਅਮੀਰ ਖਾਂ ਸਾਹਿਬ, ਪੰਡਤ ਵਿਨਾਇਕ ਰਾਏ ਪਟਵਰਧਨ, ਪੰਡਤ ਜਸਰਾਜ ਕੁਮਾਰ ਗੰਧਰਵ, ਪੰਡਤ ਭੀਮ ਸੈਨ ਜੋਸ਼ੀ, ਨਜ਼ਾਕਤ ਅਲੀ ਸਲਾਮਤ ਅਲੀ, ਉਸਤਾਦ ਸੋਹਣ ਸਿੰਘ ਪਟਿਆਲੇ ਵਾਲੇ, ਗਜ਼ਲ ਗਾਇਕ ਜਗਜੀਤ ਸਿੰਘ, ਫਿਲਮੀ ਗਾਇਕ ਮੁਹੰਮਦ ਰਫੀ ਸਾਹਿਬ, ਤਲਤ ਮਹਿਮੂਦ , ਮੁਕੇਸ਼ ਜੀ, ਹਿੰਮਤ ਕੁਮਾਰ, ਤਬਲਾ ਵਾਦਕ ਹਬੀਬੁਦੀਨ, ਸ਼ਾਤਾਂ ਪ੍ਰਸਾਦਿ ਗੁਦਈ, ਕ੍ਰਿਸ਼ਨ ਮਹਾਰਾਜ, ਰਮਜ਼ਾਨ ਖਾਂ, ਸਿਤਾਰ ਵਾਦਿਕ ਰਵੀ ਸ਼ੰਕਰ, ਅਮਜਦ ਅਲੀ ਖਾਂ ਸਰੋਦਵਾਦਕ, ਬਿਸਮਿਲਾ ਖਾਂ ਸ਼ਹਿਨਾਈ, ਭਾਈ ਮਾਨ ਸਿੰਘ ਪੰਛੀ ਜੀ ਨਾਲ ਰਹਿ ਕੇ ਆਪ ਜੀ ਨੇ ਹੇਠ ਲਿਖੇ ਸ਼ਹਿਰਾਂ ਵੇਖੇ, ਫਰੂਖਾਬਾਦ, ਗੋਰਖਪੁਰ, ਫੈਜ਼ਾਬਾਦ, ਲਖਨਊ, ਪ੍ਰਤਾਪਗੜ੍ਹ, ਸੀਤਾਪੁਰ, ਸਮੋਹ, ਟੀਕਮਗੜ੍ਹ, ਇਲਾਹਾਬਾਦ, ਝਾਂਸੀ, ਬਾਂਦਾ, ਸੁਲਤਾਨ ਪੁਰ, ਰਾਏ ਬਰੇਲੀ, ਗਇਆ, ਪਟਨਾ, ਨਾਨਕ ਮਤਾ ਸਾਹਿਬ ਅਤੇ ਪਹਿਲੀ ਵਾਰ ਕਲਕਤਾ ਵੇਖਿਆ ਅਤੇ ਹਲਦਵਾਨੀ, ਨੈਨੀਤਾਲ ਸ਼ਹਿਰ ਵੇਖੇ ।

ਭਾ: ਕਰਮ ਸਿੰਘ ਜੀ ਕਾਨਪੁਰ ਵਿਚ ਸੇਵਾ ਕਰ ਰਹੇ ਸਨ । ਜਨਵਰੀ 1960 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੂਰਬ ਤੇ ਭਾਈ ਪਿਆਰਾ ਸਿੰਘ ਜੀ ਪਟਿਆਲੇ ਵਾਲੇ ਕਾਨਪੁਰ ਆਏ । ਉਨ੍ਹਾਂ ਨੇ ਆ ਕੇ ਭਾ: ਕਰਮ ਸਿੰਘ ਜੀ ਨੂੰ ਕਿਹਾ ਕਿ ਤੈਨੂੰ ਭਾਈ ਕ੍ਰਿਪਾਲ ਸਿੰਘ ਜੀ ਯਾਦ ਕਰ ਰਹੇ ਹਨ ਅਤੇ ਉਹਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਨੌਕਰੀ ਕਰ ਲਈ ਹੈ ਅਤੇ ਤੈਨੂੰ ਨਾਲ ਲੈਣਾ ਚਾਹੁੰਦੇ ਹਨ । ਉਨ੍ਹਾਂ ਦੇ ਕਹਿਣ ਤੇ ਭਾ: ਕਰਮ ਸਿੰਘ ਜੀ ਕਾਨਪੁਰ ਛੱਡ ਕੇ ਭਾਈ ਕ੍ਰਿਪਾਲ ਸਿੰਘ ਨਾਲ ਸਹਾਇਕ ਰਾਗੀ ਬਣ ਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਆ ਕੇ ਡਿਊਟੀ ਕਰ ਲਈ । ਫਿਰ ਫਰਵਰੀ 1960 ਤੋਂ ਲੈ ਕੇ ਮਾਰਚ 1962 ਤੱਕ ਆਪ ਜੀ

ਨੇ ਭਾਈ ਕ੍ਰਿਪਾਲ ਸਿੰਘ ਜੀ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸ੍ਰੀ ਦਰਬਾਰ ਸਾਹਿਬ ਤਰਨ-ਤਾਰਨ ਸਾਹਿਬ, ਫਿਰ ਸ਼ਹੀਦੀ ਅਸਥਾਨ ਸ੍ਰੀ ਫਤਹਿਗੜ੍ਹ ਸਾਹਿਬ, ਸਰਹਿੰਦ, ਫਿਰ ਸ੍ਰੀ ਦੁਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਸੇਵਾ ਨਿਭਾਈ । ਮਰਚ 1962 ਵਿਚ ਆਪ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਛੱਡ ਦਿੱਤੀ। ਆਪ ਜੀ ਫਿਰ ਦੁਬਾਰਾ ਭਾ: ਮਾਨ ਸਿੰਘ ਪੰਛੀ ਜੀ ਨਾਲ ਕਾਨਪੁਰ ਚਲੇ ਗਏ । ਫਿਰ ਅਕਤੂਬਰ 1964 ਵਿਚ ਆਪ ਜੀ ਨੇ ਕਾਨਪੁਰ ਤੋਂ ਨੌਕਰੀ ਇਸ ਲਈ ਛੱਡਣੀ ਪਈ, ਕਿਉਂਕਿ ਆਪ ਜੀ ਦੀ ਮਾਤਾ ਅੰਮ੍ਰਿਤ ਕੌਰ ਨੂੰ ਸੱਪ ਨੇ ਕੱਟ ਲਿਆ । ਆਪ ਜੀ ਕਾਨਪੁਰ ਤੋਂ ਵਾਪਿਸ ਆ ਗਏ ਅਤੇ ਮੁੜ ਕੇ ਉਥੇ ਗਏ ਹੀ ਨਹੀਂ ਅਤੇ ਨਾ ਹੀ ਮਾਂ ਨੇ ਜਾਣ ਦਿੱਤਾ ।

ਫਿਰ ਨਵੰਬਰ 1964 ਵਿਚ ਆਪ ਜੀ ਨੂੰ ਦੁਬਾਰਾ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਰੱਖ ਲਿਆ, ਗੁਰਦੁਆਰਾ ਮੋਤੀ ਬਾਗ ਪਟਿਆਲਾ ਵਿਖੇ ਭਾਈ ਹਰਬੰਸ ਸਿੰਘ ਰਾਗੀ ਪਿੰਡ ਅਲੀਪੁਰ ਵਲਿਆਂ ਨਾਲ ਸਹਾਇਕ ਰਾਗੀ ਲੱਗ ਗਏ । ਫਰਵਰੀ 1965 ਤੱਕ ਆਪ ਜੀ ਦੀ ਸ਼ਾਦੀ ਸੀ, ਇਸ ਲਈ ਆਪ ਜੀ ਨੇ ਨੌਕਰੀ ਛੱਡ ਦਿੱਤੀ ਸੀ । ਫਿਰ 10 ਮਾਰਚ 1965 ਨੂੰ ਆਪ ਜੀ ਦੀ ਸ਼ਾਦੀ ਬੀਬੀ ਦਰਸ਼ਨ ਕੌਰ ਸਪੁੱਤਰੀ ਸ: ਪੂਰਨ ਸਿੰਘ ਜਲੰਧਰ ਵਾਲਿਆਂ ਨਾਲ ਹੋ ਗਈ । ਸ਼ਾਦੀ ਤੋਂ ਬਾਦ ਭਾ: ਕਰਮ ਸਿੰਘ ਜੀ ਨੇ 1 ਮਈ 1965 ਤੋਂ ਲੈ ਕੇ 15 ਜੁਲਾਈ ਤੱਕ ਗੁਰਦੁਆਰਾ ਸੀਸ ਗੰਜ ਸਾਹਿਬ ਪਾ: 1 ਅੰਬਾਲਾ ਸ਼ਹਿਰ ਵਿਖੇ ਹੈਡ ਰਾਗੀ ਦੇ ਤੌਰ ਤੇ ਕੀਰਤਨ ਦੀ ਡਿਊਟੀ ਕੀਤੀ । ਉਸ ਤੋਂ ਬਾਅਦ ਭਾਈ ਉਤਮ ਸਿੰਘ ਪਤੰਗ ਸਾਹਿਬ ਜੀ ਉਨ੍ਹਾਂ ਨੂੰ ਗੁਰਦੁਆਰਾ ਸ਼੍ਰੀ ਫਤਹਿਗੜ੍ਹ ਸਾਹਿਬ, ਸਰਹਿੰਦ ਵਿਖੇ ਸ਼੍ਰੋ: ਗੁ: ਪ੍ਰ: ਕਮੇਟੀ ਵਿਚ ਕੀਰਤਨ ਦੀ ਸੇਵਾ ਮਿਲ ਗਈ ਅਤੇ ਉਨ੍ਹਾਂ ਨੂੰ ਦੋਵੇਂ ਸਾਥੀ ਚਾਹੀਦੇ ਸਨ ਤਾਂ ਉਨ੍ਹਾਂ ਨੇ ਭਾਈ ਕਰਮ ਸਿੰਘ ਜੀ ਨੂੰ ਤਬਲੇ ਤੇ ਆਪਣੇ ਨਾਲ ਰੱਖ ਲਿਆ । ਭਾ: ਅਮੀਰ ਸਿੰਘ ਜੀ ਪਿੰਡ ਮਦਨਪੁਰ ਵਾਲਿਆਂ ਨੂੰ ਨਾਲ ਸਹਾਇਕ ਰਾਗੀ ਦੇ ਤੌਰ ਤੇ ਰੱਖ ਲਿਆ । 1 ਅਗਸਤ 1965 ਤੋਂ ਗੁ: ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਤਬਲੇ ਦੀ ਸੇਵਾ ਤੇ ਲੱਗ ਗਏ । 18 ਅਕਤੂਬਰ 1965 ਨੂੰ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਰਹਿੰਦਿਆਂ ਭਾ: ਕਰਮ ਸਿੰਘ ਜੀ ਦੇ ਘਰ ਪਹਿਲੀ ਬੇਟੀ ਨੇ ਜਨਮ ਲਿਆ ਜਿਸ ਦਾ ਨਾਮ ਆਪ ਜੀ ਨੇ ਇੰਦਰਜੀਤ ਕੌਰ ਰੱਖਿਆ ।

ਉਸ ਤੋਂ ਬਾਅਦ 1 ਨਵੰਬਰ 1965 ਤੋਂ ਸ਼੍ਰੋ: ਗੁ: ਪ੍ਰ: ਕਮੇਟੀ ਨੇ ਭਾ: ਕਰਮ ਸਿੰਘ ਜੀ ਦੀ ਬਦਲੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਮੁਕਤਸਰ ਸਾਹਿਬ ਵਿਖੇ ਕਰ ਦਿੱਤੀ । ਸ੍ਰੀ ਦਰਬਾਰ ਸਾਹਿਬ ਮੁਕਤਸਰ ਸਾਹਿਬ ਵਿਖੇ ਆਪ ਜੀ ਨੇ ਭਾਈ ਹਮੀਰ ਸਿੰਘ ਜੀ ਰਾਗੀ ਦੇ ਨਾਲ 31 ਜਨਵਰੀ 1966 ਤੱਕ ਤਬਲੇ ਤੇ ਸੇਵਾ ਕੀਤੀ ਉਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਦੁਬਾਰਾ ਭਾ: ਕਰਮ ਸਿੰਘ ਦੀ ਬਦਲੀ ਵਾਪਸ ਫਤਹਿਗੜ੍ਹ ਸਾਹਿਬ ਕਰ ਦਿੱਤੀ ਅਤੇ ਦੁਬਾਰਾ ਕਮੇਟੀ ਨੇ ਇਹਨਾਂ ਨੂੰ ਗੁਰਦੁਆਰਾ ਜੋਤੀ ਸਰੂਪ ਸਾਹਿਬ ਜਿੱਥੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦਾ ਸਸਕਾਰ ਅਸਥਾਨ ਹੈ । ਇਥੇ ਭਾਈ ਪ੍ਰਤਾਪ ਸਿੰਘ ਜੀ ਨਾਲ ਤਬਲੇ ਤੇ ਲਾ ਦਿੱਤੀ । ਇਸ ਅਸਥਾਨ ਤੇ ਆਪ ਜੀ ਦਾ ਮਨ ਨਹੀਂ ਲਗਾ ਇਕ ਤਾਂ ਭਜ-ਦੌੜ ਬਹੁਤ ਸੀ ਇਸ ਲਈ ਆਪ ਜੀ ਨੇ 15 ਮਾਰਚ 1966 ਨੂੰ ਸ਼੍ਰ: ਗੁ: ਪ੍ਰ: ਕਮੇਟੀ ਦੀ ਨੌਕਰੀ ਛੱਡ ਦਿੱਤੀ ਤੇ ਉਸ ਸਮੇਂ ਭਈ ਸਾਹਿਬ ਸਿੰਘ ਜੀ ਦੇ ਪਿਤਾ ਜੀ ਗਿ: ਰਣਜੀਤ ਸਿੰਘ ਦਿੱਲੀ ਵਿਖੇ ਸਨ । ਫਿਰ ਭਾਈ ਕਰਮ ਸਿੰਘ ਜੀ ਵੀ ਦਿੱਲੀ ਪਿਤਾ ਜੀ ਦੇ ਪਾਸ ਚਲੇ ਗਏ ਉਥੇ ਜਾ ਕੇ ਤਿਲਕ ਨਗਰ ਵਿਖੇ, ਗੁਰਦੁਆਰਾ ਸੰਤਪੁਰਾ, ਸੰਤ ਧਰਮ ਸਿੰਘ ਜੀ ਦੇ ਡੇਰੇ ਜਾ ਕੇ ਆਪ ਹੈਡ ਰਾਗੀ ਲੱਗ ਗਏ

। ਪਿਤਾ ਜੀ ਨਾਲ ਵਾਜੇ ਤੇ ਲੱਗ ਗਏ ਅਤੇ ਇਸ ਥਾਂ ਤੇ ਆਪ ਜੀ ਨੇ 1 ਜੂਨ 1967 ਤੱਕ ਦਿੱਲੀ ਵਿਖੇ ਕੀਰਤਨ ਦੀ ਸੇਵਾ ਕੀਤੀ ਅਤੇ ਜੂਨ ਦੇ ਸ਼ੁਰੂ ਵਿਚ ਆਪ ਜੀ ਰਾਜਪੁਰੇ ਘਰ ਆ ਗਏ । 1 ਅਪ੍ਰੈਲ 1966 ਤੋਂ 1 ਜੂਨ 1967 ਤੱਕ 15 ਮਹੀਨੇ ਦਿੱਲੀ ਤਿਲਕ ਨਗਰ ਵਿਚ ਰਹੇ । 22 ਜੂਨ 1967 ਨੂੰ ਆਪ ਜੀ ਦੇ ਘਰ ਬੇਟੇ ਨੇ ਜਨਮ ਲਿਆ ਜਿਸ ਦਾ ਨਾਮ ਆਪ ਜੀ ਨੇ ਸਤਨਾਮ ਸਿੰਘ ਰੱਖਿਆ ।

ਭਾਈ ਮਾਨ ਸਿੰਘ ਜੀ ਪੰਛੀ ਜੋ ਕਾਨਪੁਰ ਰਹਿੰਦੇ ਸਨ ਉਨ੍ਹਾਂ ਨੇ ਗੁਰਦੁਆਰੇ ਨਾਨਕ ਮੱਤਾ ਸਾਹਿਬ ਪਾ: ੧, ਜਿਲ੍ਹਾ ਨੈਨੀਤਾਲ ਯੂ.ਪੀ. ਵਿਖੇ ਪੱਕੇ ਤੌਰ ਤੇ ਕੌਰਤਨ ਦੀ ਸੇਵਾ ਲੈ ਲਈ ਅਤੇ ਉਨ੍ਹਾਂ ਨੂੰ ਫਿਰ ਲੋੜ ਪੈ ਗਈ ਸਾਥੀ ਦੀ ਤੇ ਉਹ ਫਿਰ ਰਾਜਪੁਰੇ ਆ ਕੇ ਭਾ: ਕਰਮ ਸਿੰਘ ਨੂੰ ਨਾਨਕ ਮਤਾ ਸਾਹਿਬ ਲੈ ਗਏ । ਆਪ ਜੀ ਫਿਰ ਤੀਜੀ ਵਾਰ ਭਾਈ ਮਾਨ ਸਿੰਘ ਪੰਛੀ ਜੀ ਨਾਲ ਲਗ ਗਏ । ਨਾਨਕ ਮਤਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਭਾਈ ਮਾਨ ਸਿੰਘ ਪੰਛੀ ਜੀ ਦੇ ਜੱਥੇ ਨੂੰ ਗੁਰਦੁਆਰਾ ਸਾਹਿਬ ਜੀ ਉਗ੍ਰਾਹੀ ਲਈ ਟੂਰ ਬਣਾ ਕੇ ਟੂਰ ਤੇ ਭੇਜ ਦਿੱਤਾ । ਇਸ ਟੂਰ ਵਿਚ ਪੰਛੀ ਜੀ ਦੇ ਨਾਲ ਹੇਠ ਲਿਖੇ ਸ਼ਹਿਰਾਂ ਦਾ ਟੂਰ ਕੀਤਾ । ਹਲਦਵਾਲੀ, ਨੈਨੀਤਾਲ, ਰੁਦਰਪੁਰ, ਕਿਡਾ, ਪੀਲੀਭੀਤ, ਪੂਰਨਪੁਰ (ਚਲਦਾ)

**42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸਨ,** 7


## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਬਾਰੇ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

– ਸੰਪਾਦਕ : 09814053630

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਰਾਗ ਗੋਂਡ ਮ: ੫

ਨਾਮ ਨਿਰੰਜਨ ਨੀਰਿ ਨਾਰਾਇਣ ॥
ਰਸਨਾ ਸਿਮਰਤ ਪਾਪ ਬਿਲਾਇਣ ॥੧॥ ਰਹਾਉ ॥

ਨਾਰਾਇਣ ਸਭ ਮਹਿ ਨਿਵਾਸ ॥
ਨਾਰਾਇਣ ਘਟਿ ਘਟਿ ਪਰਗਾਸ ॥
ਨਾਰਾਇਣ ਕਹਤੇ ਨਰਕਿ ਨ ਜਾਹਿ ॥
ਨਾਰਾਇਣ ਸੇਵਿ ਸਗਲ ਫਲ ਪਾਹਿ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੮੬੭)

ਰਾਗ : ਗੌਂਡ, ਥਾਟ : ਬਿਲਾਵਲ, ਜਾਤੀ : ਸੰਪੂਰਨ-ਸੰਪੂਰਨ, ਵਾਦੀ : ਮਧਿਅਮ (ਮ), ਸੰਵਾਦੀ : ਸਵਜ (ਸ), ਸਮਾ : ਦਿਨ ਦਾ ਦੂਜਾ ਪਹਿਰ, ਸੁਰ: ਸਾਰੇ ਸ਼ੁੱਧ ਹਨ ।

## ਰਾਗੁ – ਗੌਂਡ – ਤਾਲ – ਦੀਪਚੰਦੀ – ਸੁਰ ਲਿਪੀ – ਡਾ. ਜਬਰਜੰਗ ਸਿੰਘ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | |
| | | | | | | | | | | ਰੇ | ਗ | ਮ | ਪ |
| | | | | | | | | | | ਨਾ | ऽ | ਮ | ਨਿੰ |
| ਮ | – | – | ਮ | – | ਮ | ਗ | ਰੇ | – | – | ਗ | ਰੇ | ਗ | ਰੇ |
| ਰੰ | ऽ | ऽ | ਜ | ऽ | ਨ | ऽ | ऽ | ऽ | ऽ | ਨੀ | ऽ | ਰਿ | ਨ |
| ਸ | – | ਨ਼ੀ | ਸ | – | ਸ | – | – | – | – | ਰੇ | ਗ | ਮ | ਪ |
| ਰਾ | ऽ | ऽ | ਇ | ऽ | ਣ | ऽ | ऽ | ऽ | ऽ | ਰ | ਸ | ਨਾ | ऽ |
| ਨੀ | ਧ | – | ਨੀ | – | ਸਂ | – | – | – | – | ਧ | ਨੀ | ਸਂ | ਰਂ |
| ਸਿ | ਮ | ऽ | ਰ | ऽ | ਤ | ऽ | ऽ | ऽ | ऽ | ਪਾ | ऽ | ਪ | ਬਿ |
| ਨੀ | ਸਂ | ਨੀ | ਧ | ਨੀ | ਪ | – | – | – | – | ਰੇ | ਗ | ਮ | ਪ |
| ਲਾ | ऽ | ऽ | ਇ | ऽ | ਣ | ऽ | ऽ | ऽ | ऽ | ਪਾ | ऽ | ਪ | ਬਿ |
| ਮ | ਗ | – | ਰੇ | – | ਸ | – | – | – | – | | | | |
| ਲਾ | ऽ | ऽ | ਇ | ऽ | ਣ | ऽ | ऽ | ऽ | ऽ | | | | |
| **ਅੰਤਰਾ** | | | | | | | | | | | | | |
| | | | | | | | | | | ਪ | – | ਪ | – |
| | | | | | | | | | | ਨਾ | ऽ | ਰਾ | ऽ |
| ਨੀ | ਧ | – | ਨੀ | – | ਨੀ | – | – | – | – | ਸਂ | ਸਂ | ਸਂ | ਸਂ |
| ਇ | ऽ | ऽ | ਣ | ऽ | ऽ | ऽ | ऽ | ऽ | ऽ | ਸਂ | ਭ | ਮ | ਹਿ |
| ਸਂ | ਸਂ | ਰੇਂ | ਸਂ | – | – | – | ਸਂ | – | – | ਨੀ | – | ਧ | – |
| ਨਿ | ਵਾ | ਸ | ऽ | ऽ | ऽ | ऽ | ऽ | ऽ | ऽ | ਨਾ | ऽ | ਰਾ | ऽ |
| ਨੀ | – | – | ਪ | – | – | – | ਪ | – | – | ਰੇ | ਗ | ਮ | ਪ |
| ਇ | ऽ | ऽ | ਣ | ऽ | ऽ | ऽ | ਸ | ऽ | ऽ | ਘ | ਟਿ | ਘ | ਟਿ |
| ਮ | – | – | ਗ | – | ਰੇ | – | ਸ | – | – | | | | |

**ਮੁਲਤਾਨੀ ਮੱਲ ਮੋਦੀ ਕਾਲਿਜ, ਪਟਿਆਲਾ**

Postal Regd. No. G/CHD /0045/2012-14 RNI Regd. No. 46788/89 ISSN 0972-2335

